# ਟੁੱਟੇ ਸਿਤਾਰੇ ਚੁਗਦਿਆਂ

(ਗ਼ਜ਼ਲ ਸੰਗ੍ਰਹਿ)

ਉਸ ਨੇ ਕੁਝ ਟੁੱਟੇ ਸਿਤਾਰੇ ਚੁਗਦਿਆਂ ਮੈਨੂੰ ਕਿਹਾ
ਜੇ ਲਿਆ ਸਕਦੈਂ ਇਨ੍ਹਾਂ ਦੇ ਹਾਣ ਦਾ ਅੰਬਰ ਲਿਆ

## ਏਸੇ ਕਲਮ ਤੋਂ

- *ਰੰਗਸ਼ਾਲਾ (ਗਜ਼ਲ ਸੰਗ੍ਰਹਿ) 2013*
- *ਰਾਗਣੀਆਂ (ਗਜ਼ਲ ਸੰਗ੍ਰਹਿ) 2015*
- *ਪਿਓਂਦ (ਨਾਵਲ) 2019*
- *ਵਰੋਲ਼ੇ ਦੀ ਜੂਨ (ਨਾਵਲ) 2023*

# ਟੁੱਟੇ ਸਿਤਾਰੇ ਚੁਗਦਿਆਂ

ਰਾਜਵੰਤ ਰਾਜ

ਗ਼ਜ਼ਲ ਮੰਚ ਸਰੀ ਕਨੇਡਾ

*Tuttey Sitaaray Chugdyan*
*Ghazals by*

*Rajwant Raj ©*
*13525 78A Ave*
*Surrey BC V3W 2Y2*
*CANADA*
*Ph: 778-895-4891*
*Email : rajwant_bagri@hotmail.com*
*http://www.facebook.com/rajwant.s.bagri*

*Published by:*

*Ghazal Manch Surrey*
*14718 88 Ave Surrey BC V3S 2S3*
*Canada*
*Facebook: https://www.facebook.com/ghazal.manch.96*

***In association with***
*South Asian Review, prince George, Virasat Foundation, Canada*
*Contact: Bhupinder Malhi  Ph: 604 765 3063*

***Publish Year**: **2023***
***ISBN**: 978-1-7773553-1-9*

***Distributor***

***Doaba Sahit Sabha GarhShankar (Beguampura Book Shop, Navan Shear)***
*Contact: Jasbir begumpuri Ph. 94174-15062*

***Printer***
***Shaheed-E-Azam Press & Hospitality Pvt. Ltd. Patiala***

***Price**: Rs. 150 / $ 10*

# ਇੱਥੋਂ ਤੱਕ ਆਉਂਦਿਆਂ

ਬੜੇ ਅਨੰਦਮਈ ਹੁੰਦੇ ਨੇ ਉਹ ਪਲ, ਜਦੋਂ ਕੋਈ ਕੋਮਲ ਅਤੇ ਬਹੁ-ਪਰਤੀ ਖ਼ਿਆਲ ਕਵੀ ਦੇ ਮਨ 'ਤੇ ਦਸਤਕ ਦਿੰਦਾ ਹੈ। ਉਸ ਨੂੰ ਚਾਅ ਜਿਹਾ ਚੜ੍ਹ ਜਾਂਦਾ ਹੈ, ਰੂਹ ਸਰੂਰੀ ਜਾਂਦੀ ਹੈ ਅਤੇ ਆਲਾ-ਦੁਆਲ਼ਾ ਭਰਿਆ-ਭਰਿਆ ਲੱਗਣ ਲੱਗਦਾ ਹੈ। ਸਾਰੇ ਕਵੀ ਹੀ ਗਾਹੇ-ਬਗਾਹੇ ਇਸ ਅਵਸਥਾ ਵਿੱਚੋਂ ਲੰਘਦੇ ਹਨ। ਆਮ-ਤੌਰ 'ਤੇ ਕਵੀ ਆਪਣਾ ਖ਼ਿਆਲ, ਸਫ਼ਿਆਂ ਹਵਾਲੇ ਕਰਨ ਮਗਰੋਂ ਸੁਰਖ਼ਰੂ ਹੋ ਜਾਂਦਾ ਹੈ ਪਰ ਗ਼ਜ਼ਲ ਲਿਖਣ ਵਾਲੇ ਸ਼ਾਇਰ ਨੇ ਹਾਲੇ ਹੋਰ ਕਈ ਇਮਤਿਹਾਨਾਂ ਥਾਣੀ ਗੁਜ਼ਰਨਾ ਹੁੰਦਾ ਹੈ। ਖ਼ਿਆਲ ਵਾਸਤੇ ਬਹਿਰ, ਕਾਫ਼ੀਆ, ਰਦੀਫ਼ ਲੱਭਣੇ ਅਤੇ ਇਨ੍ਹਾਂ ਬੰਦਸ਼ਾਂ ਦੀ ਪਾਲਣਾ ਕਰਦਿਆਂ, ਖ਼ਿਆਲ ਵਿਚਲੀ ਕੋਮਲਤਾ ਵੀ ਬਰਕਰਾਰ ਰੱਖਣੀ ਉਸ ਦਾ ਫ਼ਰਜ਼ ਵੀ ਹੁੰਦੈ ਤੇ ਮਜਬੂਰੀ ਵੀ। ਸ਼ਿਅਰ ਮੁਕੰਮਲ ਹੋਣ ਮਗਰੋਂ ਇਸ ਪ੍ਰਾਪਤੀ ਦਾ ਜੋ ਅਨੰਦ ਮਿਲਦਾ ਹੈ ਉਹ ਬਿਆਨਿਆ ਨਹੀਂ ਜਾ ਸਕਦਾ। ਇਸ ਦਾ ਸ਼ਾਇਦ ਇਕ ਕਾਰਨ ਇਹ ਵੀ ਹੈ ਕਿ ਇਨਸਾਨ ਜੋ ਟੀਚਾ ਔਖਿਆਂ ਹੋ ਕੇ ਹਾਸਲ ਕਰਦਾ ਹੈ, ਉਸ ਦੀ ਖ਼ੁਸ਼ੀ ਵੀ ਵਧੇਰੇ ਮਹਿਸੂਸ ਕਰਦਾ ਹੈ। ਮੇਰੀ ਗ਼ਜ਼ਲ ਸਾਧਨਾ ਵੀ ਇਨ੍ਹਾਂ ਪੜਾਵਾਂ ਵਿੱਚੋਂ ਹੀ ਗੁਜ਼ਰਦੀ ਹੈ। ਕਈ ਵਾਰ ਤਾਂ ਇੰਜ ਲੱਗਦਾ ਹੈ ਜਿਵੇਂ ਮੈਂ ਗ਼ਜ਼ਲ ਨਹੀਂ ਕਹਿੰਦਾ ਸਗੋਂ ਗ਼ਜ਼ਲ ਮੇਰੇ ਰਾਹੀਂ ਕਹਿ ਹੋ ਜਾਂਦੀ ਹੈ ਜਾਣੀਕੇ ਮੈਂ ਸਿਰਫ਼ ਜ਼ਰੀਆ ਬਣਦਾ ਹਾਂ।

ਭਾਵੇਂ ਕਿ ਪਿਛਲਾ ਕੁਝ ਸਮਾਂ ਮੈਂ ਗਲਪ ਦੇ ਖੇਤਰ ਵਿਚ ਗੁਜ਼ਾਰਿਆ ਹੈ ਅਤੇ ਪਿਛਲੇ ਸਾਲਾਂ ਵਿਚ ਮੇਰੇ ਨਾਵਲ 'ਪਿਓਂਦ' ਨੂੰ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ, ਫੇਰ ਵੀ ਗ਼ਜ਼ਲ ਤੋਂ ਦੂਰੀ ਬਣਾਉਣਾ ਮੇਰੇ ਲਈ ਸੰਭਵ ਨਹੀਂ। ਗ਼ਜ਼ਲ, ਬ੍ਰਹਿਮੰਡ ਦੇ ਦਾਇਰੇ ਨੂੰ ਇਕ ਬਿੰਦੂ ਵਿਚ ਸਮੇਟਣ ਦੇ ਜਜ਼ਬੇ ਦਾ ਨਾਂ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਗ਼ਜ਼ਲ ਮੇਰੇ ਸੁਭਾਅ ਦਾ ਹਿੱਸਾ ਹੈ। ਸ਼ਿਅਰਾਂ ਦੇ ਵਿਸਮਾਦ ਵਿਚ ਲਹਿ ਕੇ ਮੈਨੂੰ ਆਪਣੇ-ਆਪ ਦੇ ਹੋਰ ਨੇੜੇ ਹੋ ਜਾਣ ਵਰਗਾ ਅਹਿਸਾਸ ਹੁੰਦਾ ਹੈ।

ਜਦੋਂ ਸ਼ਾਇਰ ਦਿਆਂ ਸ਼ਿਅਰਾਂ ਵਿਚਲਾ ਖ਼ੁਮਾਰ, ਪੜ੍ਹਨ-ਸੁਣਨ ਵਾਲਿਆਂ ਦੇ ਸਿਰ ਚੜ੍ਹ ਕੇ ਬੋਲਣ ਲਗਦਾ ਹੈ ਤਾਂ ਲੋਕ ਉਸ ਦੇ ਪ੍ਰਸੰਸਕ ਬਣਨੇ ਸ਼ੁਰੂ ਹੋ ਜਾਂਦੇ ਹਨ। ਉਸ ਨੂੰ ਪਤਾ ਵੀ ਨਹੀਂ ਲਗਦਾ ਕਦੋਂ ਲੋਕਾਂ ਦੇ ਮਨਾਂ ਵਿਚ ਉਸ ਦਾ ਇਕ ਮਿਆਰ ਸਿਰਜਿਆ ਜਾਂਦਾ ਹੈ। ਹੁਣ ਲੋਕ, ਉਸ ਤੋਂ ਹਮੇਸ਼ਾ ਉਸੇ ਮਿਆਰ 'ਤੇ ਖਰੇ ਉੱਤਰਨ ਦੀ ਉਮੀਦ ਕਰਨ ਲੱਗ ਪੈਂਦੇ ਹਨ। ਏਥੇ ਹੀ ਸ਼ਾਇਰ ਦੀ ਅਸਲੀ ਜੱਦੋਜਹਿਦ ਸ਼ੁਰੂ ਹੁੰਦੀ ਹੈ। ਮਿਆਰ ਤੋਂ ਡਿੱਗਣ ਦਾ ਡਰ, ਉਸ ਦੀ ਸਿਰਜਣਾ ਥੋੜ੍ਹੀ ਧੀਮੀ ਕਰ ਦਿੰਦਾ ਹੈ ਤੇ ਫਿਰ ਇਸ ਸਹਿਜਤਾ ਵਿੱਚੋਂ ਹੀ ਬੁਲੰਦੀ ਦੇ ਨਕਸ਼ ਉੱਘੜਦੇ ਹਨ। ਸ਼ਾਇਰ ਦੀ ਭਰਪੂਰ ਕੋਸ਼ਿਸ਼ ਹੁੰਦੀ ਹੈ ਕਿ ਹਰ ਅਗਲੀ ਰਚਨਾ ਪਿਛਲੀ ਨਾਲੋਂ ਬਿਹਤਰ ਹੋਵੇ। ਸ਼ਾਇਦ ਏਸੇ ਕਰ ਕੇ ਹੀ ਗ਼ਜ਼ਲ ਦੇ

ਸਮਰੱਥ ਸ਼ਾਇਰਾਂ ਦੀਆਂ ਕਿਤਾਬਾਂ ਵਿਚ ਲੰਮਾ ਅੰਤਰਾਲ ਪੈਣਾ ਸ਼ੁਰੂ ਹੋ ਜਾਂਦਾ ਹੈ।

ਜੇ ਗੱਲ ਮੈਂ ਆਪਣੇ ਲਿਖਣ ਬਾਰੇ ਕਰਨੀ ਹੋਵੇ ਤਾਂ ਮੈਨੂੰ ਖ਼ੁਦ ਨੂੰ ਨਹੀਂ ਪਤਾ ਸ਼ਾਇਰੀ ਕਦੋਂ ਮੇਰੇ 'ਤੇ ਤਾਰੀ ਹੋ ਜਾਂਦੀ ਹੈ। ਸ਼ਾਇਰੀ ਦੇ ਆਉਣ ਦਾ ਕੋਈ ਵਕਤ, ਮੌਸਮ ਤੇ ਸਥਾਨ ਨਹੀਂ। ਮੈਂ ਇਹ ਜ਼ਰੂਰ ਕਹਿ ਸਕਦਾਂ ਕਿ ਸ਼ਾਇਰੀ ਵਿਚਲੀ ਮਸਤੀ ਅਕੱਥ ਹੈ ਅਤੇ ਇਹ ਮਸਤੀ ਪੈਸੇ ਜਾਂ ਪਦਾਰਥਾਂ ਨਾਲ ਹਾਸਲ ਨਹੀਂ ਕੀਤੀ ਜਾ ਸਕਦੀ। ਦੁਨੀਆ ਵਿਚ ਕਿਸੇ ਦੇ ਵੀ ਸੋਹਣੇ ਸ਼ਿਅਰ ਪੜ੍ਹਨ ਜਾਂ ਸੁਣਨ ਨਾਲ ਮੇਰੇ ਅੰਦਰ ਇਕ ਨਵੀਂ ਊਰਜਾ ਭਰ ਜਾਂਦੀ ਹੈ। ਜਿਵੇਂ ਚਿਰਾ.ਗ ਨਾਲ ਚਿਰਾ.ਗ ਜਗਦਾ ਹੈ ਏਦਾਂ ਹੀ ਜਦੋਂ ਮੈਂ ਕੋਈ ਵਧੀਆ ਰਚਨਾ ਪੜ੍ਹਾਂ ਤਾਂ ਮੈਨੂੰ ਹੌਸਲਾ ਹੋ ਜਾਂਦਾ ਹੈ ਕਿ ਮੇਰੇ ਅੰਦਰੋਂ ਵੀ ਛੇਤੀ ਹੀ ਸ਼ਾਇਰੀ ਫੁੱਟੇਗੀ ਪਰ ਇਸ ਸ਼ਾਇਰੀ ਦਾ ਕੋਈ ਵਕਤ ਮੁਕੱਰਰ ਨਹੀਂ ਕੀਤਾ ਜਾ ਸਕਦਾ।

ਇਸ ਕਿਤਾਬ ਤੋਂ ਪਹਿਲਾਂ 2015 ਵਿੱਚ ਮੇਰੀ .ਗਜ਼ਲਾਂ ਦੀ ਕਿਤਾਬ 'ਰਾਗਣੀਆਂ' ਪ੍ਰਕਾਸ਼ਤ ਹੋਈ ਸੀ। ਪਿਛਲੇ ਛਿਆਂ ਸਾਲਾਂ ਦੇ ਅਰਸੇ ਵਿਚ ਮੇਰੇ ਆਲ਼ੇ-ਦੁਆਲ਼ੇ ਬਹੁਤ ਕੁਝ ਬਦਲਿਆ। ਜਸਵਿੰਦਰ ਹੁਰਾਂ ਦੀ ਅਗਵਾਈ ਹੇਠ ਸਰੀ ਵਿਚ .ਗਜ਼ਲ ਮੰਚ ਦੀ ਸਥਾਪਨਾ ਹੋਈ ਜਿਸ ਦਾ ਮਨੋਰਥ ਪੰਜਾਬੀ .ਗਜ਼ਲ ਨੂੰ ਨਵੇਂ ਦਿਸਹੱਦਿਆਂ ਵੱਲ ਤੋਰਨਾ ਸੀ। .ਗਜ਼ਲ ਉੱਤੇ ਲੰਮੇ ਵਿਚਾਰ ਵਟਾਂਦਰੇ ਹੋਣ ਲੱਗੇ। ਤਕਨੀਕੀ ਪੱਖਾਂ ਤੋਂ ਇਲਾਵਾ ਖ਼ਿਆਲਾਂ ਦੀ ਪੁਖ਼ਤਗੀ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਜਾਣ ਲੱਗਾ। .ਗਜ਼ਲ ਦੇ ਇਸ ਉਸਾਰੂ ਮਾਹੌਲ ਨੇ .ਗਜ਼ਲਗੋਆਂ ਵਿਚ ਨਵੀਂ ਰੂਹ ਫੂਕ ਦਿੱਤੀ। ਮੈਂ ਇਸ ਕਿਤਾਬ ਵਿਚਲੀਆਂ ਬਹੁਤੀਆਂ .ਗਜ਼ਲਾਂ 2015 ਤੋਂ 2018 ਦੇ ਵਕ.ਫ਼ੇ ਦੌਰਾਨ ਲਿਖੀਆਂ ਸਨ ਪਰ .ਗਜ਼ਲ ਪ੍ਰਤੀ ਆਪਣੇ ਮਾਪਦੰਡ ਹੋਰ ਬਿਹਤਰ ਕਰਦਿਆਂ ਹੁਣ ਮੈਂ ਜ਼ੋਰ-ਸ਼ੋਰ ਨਾਲ ਇਨ੍ਹਾਂ ਦੀ ਨਿਰਖ-ਪਰਖ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਵਾਰ .ਗਜ਼ਲਾਂ ਦੀ ਗਿਣਤੀ ਨਹੀਂ ਸਗੋਂ ਉਨ੍ਹਾਂ ਦੀ ਗੁਣਵੱਤਾ ਨੂੰ ਪੈਮਾਨਾ ਬਣਾਇਆ ਗਿਆ। ਇਸ ਪ੍ਰਕਿਰਿਆ ਦੌਰਾਨ ਬਹੁਤ .ਗਜ਼ਲਾਂ ਮਨ.ਫ਼ੀ ਹੋ ਗਈਆਂ। ਬਹੁਤ ਸਾਰੀਆਂ .ਗਜ਼ਲਾਂ ਚੋਂ ਇਕ-ਇਕ ਦੋ-ਦੋ ਸ਼ਿਅਰ ਮਨ.ਫ਼ੀ ਹੋ ਗਏ। ਸ਼ਾਮਲ ਕੀਤੀਆਂ .ਗਜ਼ਲਾਂ ਮੁੜ-ਮੁੜ ਵਿਚਾਰੀਆਂ ਗਈਆਂ। ਇਸ ਬਾਰੀਕ ਛਾਨਣੀ ਤੋਂ ਬਾਅਦ ਜੋ ਬਾਕੀ ਬਚਿਆ ਉਸ ਤੋਂ ਮੈਂ ਹੀ ਨਹੀਂ .ਗਜ਼ਲ ਮੰਚ ਦੇ ਬਾਕੀ ਮੈਂਬਰ ਵੀ ਸੰਤੁਸ਼ਟ ਨਜ਼ਰ ਆਏ ਅਤੇ ਇਸ ਨੂੰ ਕਿਤਾਬੀ ਰੂਪ ਦੇਣ ਦਾ ਨਿਰਨਾ ਲਿਆ ਗਿਆ।

ਦੋਸਤੋ ਕੱਲ੍ਹ ਕੀ ਹੋਵੇਗਾ ਇਸ ਦਾ ਕਿਸੇ ਨੂੰ ਕੁਛ ਨਹੀਂ ਪਤਾ। ਸਮੇਂ ਦੇ ਨਾਲ-ਨਾਲ ਚੀਜ਼ਾਂ ਪ੍ਰਤੀ, ਲੋਕਾਂ ਪ੍ਰਤੀ ਅਤੇ ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਬਦਲਦਾ ਰਹਿੰਦਾ ਹੈ। ਭਵਿੱਖ ਦੇ ਗਰਭਾਸ ਵਿੱਚੋਂ ਕੁਝ ਚੰਗਾ ਉਗਮੇਗਾ, ਇਸੇ ਆਸ ਨਾਲ਼ ਹੀ ਮਨੁੱਖ ਜਿਉਂਦਾ ਆਇਆ ਹੈ। ਮੈਨੂੰ ਵੀ ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਮੈਂ ਹੋਰ ਬਿਹਤਰ ਸਾਹਿਤ ਸਿਰਜਾਂਗਾ ਪਰ ਆਪਣਾ ਹੁਣ ਤੱਕ ਦਾ ਬਿਹਤਰ ਮੈਂ ਇਸ ਕਿਤਾਬ ਦੇ ਰੂਪ ਵਿਚ ਤੁਹਾਡੇ ਸਾਹਮਣੇ ਰੱਖ ਰਿਹਾਂ। ਮੈਂ ਆਸ ਕਰਦਾਂ ਕਿ ਮੇਰੇ ਪਾਠਕ ਮੇਰੀ ਇਸ ਕਿਰਤ ਨੂੰ ਆਪਣੇ ਦਿਲਾਂ ਵਿਚ ਥਾਂ ਦੇਣਗੇ।

ਤੁਹਾਡਾ ਆਪਣਾ

ਰਾਜਵੰਤ ਰਾਜ

ਅਨੋਖੀ ਰੌਸ਼ਨੀ ਦੇ ਨਾਲ ਉੱਜਲ ਹੋ ਗਿਆ ਹਾਂ
ਮੈਂ ਆਪਣੇ ਆਪ ਨੂੰ ਖੋਜਣ ਦੇ ਕਾਬਲ ਹੋ ਗਿਆ ਹਾਂ

ਨਜ਼ਰ ਬਿਹਤਰ ਹੋਈ ਤੇ ਨਜ਼ਰੀਆ ਕੁਝ ਸਾਫ਼ ਹੋਇਐ
ਹੈਰਾਨੀ ਹੈ ਕਿ ਹੁਣ ਮੈਂ ਆਪ ਓਝਲ ਹੋ ਗਿਆ ਹਾਂ

ਪਤਾ ਨਹੀਂ ਫੁੱਲ ਕਿਉਂ ਗ਼ਜ਼ਲਾਂ ਸੁਣਾਉਂਦੇ ਪੱਥਰਾਂ ਨੂੰ
ਇਸ ਅੰਨ੍ਹੀ ਦੌੜ ਦੇ ਵਿਚ ਮੈਂ ਵੀ ਸ਼ਾਮਲ ਹੋ ਗਿਆ ਹਾਂ

ਕਿਸੇ ਦੀ ਭੇਟ ਕੀਤੀ ਬੂੰਦ ਵਿਚ ਬਰਕਤ ਹੈ ਕਿੰਨੀ
ਇਹ ਮੁੱਕਦੀ ਹੀ ਨਹੀਂ ਜਦ ਕਿ ਮੈਂ ਜਲ ਥਲ ਹੋ ਗਿਆ ਹਾਂ

ਜਗਾ ਕੇ ਫਿਰ ਧੁਆਂਖੇ ਸ਼ਹਿਰ ਦੀ ਜੂਨੇ ਨਾ ਪਾਈਂ
ਮੈਂ ਕੱਚੀ ਨੀਂਦ ਦੇ ਸੁਫ਼ਨੇ 'ਚ ਜੰਗਲ਼ ਹੋ ਗਿਆ ਹਾਂ

ਇਹ ਅੰਦਰਲਾ ਪਸਾਰਾ ਬਾਹਰਲੇ ਨਾਲੋਂ ਵੀ ਵੱਡੈ
ਪਤਾ ਨਹੀਂ ਕਦ ਮੈਂ ਆਪਣੇ ਮਨ 'ਚ ਦਾਖਲ ਹੋ ਗਿਆ ਹਾਂ

■

ਅੰਤ ਤੋਂ ਬੇਅੰਤ ਵੱਲ ਨੂੰ ਸਰਕਦਾ ਮੈਂ ਕੌਣ ਹਾਂ
ਝੂਠ ਤੇ ਸੱਚ ਦੇ ਵਿਚਾਲੇ ਭਟਕਦਾ ਮੈਂ ਕੌਣ ਹਾਂ

ਜ਼ਖ਼ਮ ਖਾ ਕੇ ਇਕ ਪਰਿੰਦਾ ਉੱਡ ਗਿਆ ਅਸਮਾਨ ਵੱਲ
ਜਿਸਮ ਦੀ ਵਲਗਣ 'ਚ ਬੈਠਾ ਤੜਫਦਾ ਮੈਂ ਕੌਣ ਹਾਂ

ਨਾ ਮੈਂ ਪੂਰਨ ਹਾਂ ਤੇ ਨਾ ਮੈਂ ਰੱਖਿਆ ਜਤ-ਸਤ ਕਦੇ
ਫਿਰ ਵੀ ਅੰਨ੍ਹੇ ਖੂਹ 'ਚ ਪੁੱਠਾ ਲਟਕਦਾ ਮੈਂ ਕੌਣ ਹਾਂ

ਕੈਨਵਸ ਉੱਤੇ ਮੇਰੀ ਤਸਵੀਰ ਤਾਂ ਖ਼ਾਮੋਸ਼ ਹੈ
ਫਿਰ ਮੁਸੱਵਰ ਨਾਲ ਐਵੇਂ ਬਹਿਸਦਾ ਮੈਂ ਕੌਣ ਹਾਂ

ਜੇ ਖ਼ਿਜ਼ਾਂ ਤੋਂ ਡਰਦਿਆਂ ਉੱਗਦੇ ਨਹੀਂ ਕਾਲੇ ਗੁਲਾਬ
ਫਿਰ ਬੀਆਬਾਨਾਂ 'ਚ ਲੁਕ ਲੁਕ ਮਹਿਕਦਾ ਮੈਂ ਕੌਣ ਹਾਂ

ਕਹਿਕਸ਼ਾਵਾਂ ਆਪ ਤਾਂ ਸੌਂ ਜਾਂਦੀਆਂ ਨੇ ਰਾਤ ਨੂੰ
ਤਾਰਿਆਂ ਦੇ ਨਾਲ਼ ਮੁੜ ਮੁੜ ਟੁੱਟਦਾ ਮੈਂ ਕੌਣ ਹਾਂ

ਬਸ ਦੇਖਦੇ ਹੀ ਦੇਖਦੇ ਮੰਜ਼ਰ ਬਦਲ ਗਿਆ
ਬਿਰਖਾਂ ਨੂੰ ਚੀਰਦਾ ਕੋਈ ਆਰਾ ਪਿਘਲ ਗਿਆ

ਵਗਦੀ ਹਵਾ ਨੂੰ ਦੱਸਿਆ ਮਲਬੇ ਨੇ ਵਾਰ ਵਾਰ
ਉਸ ਜ਼ਲਜ਼ਲੇ ਦਾ ਨਾਮ, ਜੋ ਬਸਤੀ ਨਿਗਲ਼ ਗਿਆ

ਬੇੜੀ ਤਾਂ ਬੇਲਗਾਮ ਸੀ, ਡੁੱਬਣਾ ਸੀ ਲੋਚਦੀ
ਪਰ ਹਾਦਸੇ ਤੋਂ ਡਰਦਿਆਂ ਦਰਿਆ ਸੰਭਲ ਗਿਆ

ਨਿਰਮਲ ਸ਼ਫਾਫ਼ ਰਹਿਣ ਦਾ ਮੈਨੂੰ ਗੁਮਾਨ ਸੀ
ਚਿੱਕੜ ਬਰੂੰਹੀਂ ਆਉਣ 'ਤੇ ਮੈਂ ਵੀ ਫਿਸਲ ਗਿਆ

ਥੋੜ੍ਹੀ ਜਿਹੀ ਸੀ ਰੌਸ਼ਨੀ ਉਹ ਵੀ ਚਲੀ ਗਈ
ਦੀਵਾ ਨਦੀ 'ਚ ਤੈਰਦਾ ਅੱਗੇ ਨਿਕਲ਼ ਗਿਆ

ਉਸ ਦਾ ਸੀ ਕੀ ਕਸੂਰ ਜੇ ਉੱਗ ਪਈ ਢਲਾਣ 'ਤੇ
ਜਿਸ ਵੇਲ ਨੂੰ ਰੁੜ੍ਹਦਾ ਕੋਈ ਪੱਥਰ ਮਸਲ ਗਿਆ

ਭਾਵੇਂ ਮੇਰੀ ਜ਼ੁਬਾਨ ਤਾਂ ਪਹਿਰੇ ਦੇ ਹੇਠ ਹੈ
ਫਿਰ ਵੀ ਗ਼ਜ਼ਲ ਸੁਣਾਉਣ ਨੂੰ ਮਨ ਹੈ ਮਚਲ ਗਿਆ

■

ਪੁੰਨਿਆਂ ਦੇ ਚੰਨ ਦੀ ਖ਼ਾਲੀ ਕਟੋਰੀ ਹੋ ਗਈ
ਚਾਨਣੀ ਪਿੰਡੇ 'ਤੇ ਮਲ਼ ਕੇ ਰਾਤ ਗੋਰੀ ਹੋ ਗਈ

ਸੇਜ ਦੇ ਇਕ ਫ਼ੁੱਲ ਨੇ ਵਸਲਾਂ ਤਾਂ ਰੱਜ ਕੇ ਮਾਣੀਆਂ
ਪਰ ਉਸੇ ਹੀ ਰਾਤ ਉਸ ਦੀ ਮਹਿਕ ਚੋਰੀ ਹੋ ਗਈ

ਇਹ ਕਹਾਂਗੇ, ਔਹ ਕਹਾਂਗੇ, ਸੋਚਦੇ ਹੀ ਰਹਿ ਗਏ
ਉਸ ਦੇ ਸਾਹਵੇਂ ਸੋਚਣੀ ਸ਼ਬਦਾਂ ਤੋਂ ਕੋਰੀ ਹੋ ਗਈ

ਜ਼ਿੰਦਗੀ ਨਾਲ਼ੋਂ ਵੀ ਲੰਮੀ ਮੱਸਿਆ ਦੀ ਰਾਤ ਸੀ
ਚੰਨ ਵੀ ਬੇਬਸ ਰਿਹਾ, ਪਾਗਲ ਚਕੋਰੀ ਹੋ ਗਈ

ਦੋਸਤੀ, ਸਤਿਕਾਰ, ਇੱਜ਼ਤ, ਪਿਆਰ ਕਿਰਦੇ ਜਾ ਰਹੇ
ਮਾਨਵੀ ਕਿਰਦਾਰ ਵਿਚ ਕਿੱਦਾਂ ਇਹ ਮੋਰੀ ਹੋ ਗਈ

ਇਕ ਵੀ ਟੁਕੜਾ ਨਾ ਮਿਲ਼ਿਆ ਬੰਸਰੀ ਦੇ ਮੇਚ ਦਾ
ਬਾਂਸ ਦੇ ਸਾਲਮ ਤਣੇ ਦੀ ਪੋਰੀ ਪੋਰੀ ਹੋ ਗਈ

ਉਮਰ ਭਰ ਦੁਸ਼ਵਾਰੀਆਂ ਦੇ ਸਿਲਸਿਲੇ ਚਲਦੇ ਰਹੇ
ਇਸ਼ਕ ਵਿਚ ਲਾਚਾਰੀਆਂ ਦੇ ਸਿਲਸਿਲੇ ਚਲਦੇ ਰਹੇ

ਹੈ ਮੇਰੀ ਰਗ ਰਗ ਤੋਂ ਵਾਕਫ਼ ਫਿਰ ਵੀ ਬਣਦੈ ਅਜਨਬੀ
ਉਸ ਦੀਆਂ ਫ਼ਨਕਾਰੀਆਂ ਦੇ ਸਿਲਸਿਲੇ ਚਲਦੇ ਰਹੇ

ਚਾਰ ਦਿਨ ਤੋਂ ਬਾਦ ਸਾਨੂੰ ਦਿਲ 'ਚੋਂ ਕੱਢ ਦਿੰਦੇ ਨੇ ਲੋਕ
ਇੰਝ ਕਿਰਾਏਦਾਰੀਆਂ ਦੇ ਸਿਲਸਿਲੇ ਚਲਦੇ ਰਹੇ

ਮੈਂ ਕਮਾਇਆ ਇਸ਼ਕ ਵਿੱਚੋਂ ਜ਼ਖ਼ਮ ਇਕ ਸੂਖਮ ਜਿਹਾ
ਉਸ 'ਚੋਂ ਚੀਸਾਂ ਭਾਰੀਆਂ ਦੇ ਸਿਲਸਿਲੇ ਚਲਦੇ ਰਹੇ

ਕੱਲ੍ਹ ਲਾਈਆਂ, ਅੱਜ ਟੁੱਟੀਆਂ, ਭਲ਼ਕ ਲੱਗਣ ਦੀ ਉਮੀਦ
ਰੋਜ਼ ਕੱਚੀਆਂ ਯਾਰੀਆਂ ਦੇ ਸਿਲਸਿਲੇ ਚਲਦੇ ਰਹੇ

ਜਿਸ ਲਈ ਉਹ ਮੁਸਕਰਾਉਂਦੈ ਨੀਂਦ ਵਿਚ, ਉਹ ਮੈਂ ਨਹੀਂ
ਸਿਰਫ਼ ਪਰਦੇਦਾਰੀਆਂ ਦੇ ਸਿਲਸਿਲੇ ਚਲਦੇ ਰਹੇ

■

ਅਜੇ ਨਿਸ਼ਕਾਮ ਰਾਹਾਂ 'ਤੇ ਸਵਾਰਥ ਨਾਲ ਤੁਰਦਾ ਹੈ
ਤੁਰੇ ਜਦ ਕਲਪਨਾ ਮੇਰੀ, ਯਥਾਰਥ ਨਾਲ ਤੁਰਦਾ ਹੈ

ਮੈਂ ਮੁਕਤੀ ਵੱਲ ਤੁਰਿਆ ਤਾਂ ਉਹ ਦੋਨੋਂ ਨਾਲ ਸੀ ਮੇਰੇ
ਤੇ ਬੁੱਧ ਹੁਣ ਰਹਿ ਗਿਐ ਪਿੱਛੇ, ਸਿਧਾਰਥ ਨਾਲ ਤੁਰਦਾ ਹੈ

ਰੂਹਾਨੀ ਸਾਗਰਾਂ ਵਿਚ ਲਹਿਣ ਵਾਲੇ ਲਹਿ ਗਏ ਚਿਰ ਦੇ
ਅਜੇ ਸਾਡੇ ਤਸੱਵਰ ਵਿਚ ਪਦਾਰਥ ਨਾਲ ਤੁਰਦਾ ਹੈ

ਮੈ ਖ਼ੁਦ ਨੂੰ ਹੀ ਬਣਾਇਆ ਆਪਣਾ ਧੁਰ ਤੀਕ ਦਾ ਸਾਥੀ
ਭਲਾ ਇਸ ਦੌਰ ਵਿਚ ਕਿਹੜਾ ਅਕਾਰਥ ਨਾਲ਼ ਤੁਰਦਾ ਹੈ

ਜੋ ਆਏ, ਗਰਜ਼ ਪੂਰੀ ਹੁੰਦਿਆਂ ਹੀ ਮੁੜ ਗਏ ਪਿੱਛੇ
ਮੇਰਾ ਸਾਇਆ ਅਜੇ ਵੀ ਨਿਰਸਵਾਰਥ ਨਾਲ ਤੁਰਦਾ ਹੈ

ਨਜ਼ਾਰਾ ਹੀ ਸੀ ਕੁਝ ਐਸਾ ਕਿ ਸਾਰੇ ਦੇਖਦੇ ਰਹਿ ਗਏ
ਮੈਂ ਮੱਥਾ ਚੁੰਮਿਆ ਚੰਨ ਦਾ, ਸਿਤਾਰੇ ਦੇਖਦੇ ਰਹਿ ਗਏ

ਮੈਂ ਹੋ ਕੇ ਮੋਮ ਦਾ ਬੁੱਤ ਵੀ ਕਲਾਵੇ ਭਰ ਲਿਆ ਅੱਗ ਨੂੰ
ਮੇਰੇ 'ਚੋਂ ਲਾਟ ਜਦ ਗੁਜ਼ਰੀ, ਅੰਗਾਰੇ ਦੇਖਦੇ ਰਹਿ ਗਏ

ਅਚਾਨਕ ਝੂਟਦਾ ਹੋਇਆ ਕੋਈ ਪੌਣਾਂ 'ਚ ਜਾ ਰਲ਼ਿਆ
ਅਸੀਂ ਬਸ ਪੀਂਘ ਦੇ ਖ਼ਾਲੀ ਹੁਲਾਰੇ ਦੇਖਦੇ ਰਹਿ ਗਏ

ਪਤਾ ਨਹੀਂ ਸੋਚ ਕੇ ਕੀ, ਉਸ ਨੇ ਗੁੰਝਲਦਾਰ ਕਰ ਦਿੱਤੀ
ਤੇ ਉਸ ਦੀ ਬਾਤ ਨੂੰ ਮੇਰੇ ਹੁੰਗਾਰੇ ਦੇਖਦੇ ਰਹਿ ਗਏ

ਜੋ ਸਾਰੇ ਸ਼ਹਿਰ ਦੇ ਸਾਹਵੇਂ ਉਨ੍ਹਾਂ ਦੇ ਉਲਟ ਭੁਗਤੇ ਸੀ
ਉਨ੍ਹਾਂ ਆਪਣੇ ਹੀ ਬੋਲਾਂ ਨੂੰ ਬੁਲਾਰੇ ਦੇਖਦੇ ਰਹਿ ਗਏ

ਚਿੜੀ ਚੋਗੇ ਦੀ ਖ਼ਾਤਰ ਉੱਡ ਕੇ ਝੁੱਗੀ 'ਤੇ ਜਾ ਬੈਠੀ
ਤਾਂ ਮੂੰਹ ਵਿਚ ਉਂਗਲਾਂ ਪਾ ਕੇ ਚੁਬਾਰੇ ਦੇਖਦੇ ਰਹਿ ਗਏ

ਕਿਸੇ ਦਰਬਾਰ ਦੀ ਖ਼ਾਤਰ ਤੇ ਨਾ ਬਾਜ਼ਾਰ ਦੀ ਖ਼ਾਤਰ
ਜੇ ਲਿਖਣਾ ਤਾਂ ਲਿਖੋ ਬਸ ਪਿਆਰ ਤੇ ਸਤਿਕਾਰ ਦੀ ਖ਼ਾਤਰ

ਕਹੇ ਦੋ ਬੋਲ ਹੀ ਉਸ ਨੇ ਕਿ ਉਸ ਦਾ ਗੱਚ ਭਰ ਆਇਆ
ਉਹ ਕਿੰਨਾ ਤੜਫਿਆ ਹੋਣੈ ਮੇਰੇ ਦੀਦਾਰ ਦੀ ਖ਼ਾਤਰ

ਮੈਂ ਆਪਣੇ ਕੰਢਿਆਂ ਉੱਤੇ ਉਡੀਕਾਂ ਤੇਰੀਆਂ ਕਰਦਾਂ
ਮੈਂ ਖ਼ੁਦ ਤੋਂ ਪਾਰ ਨਾ ਹੋਇਆ ਤੇਰੇ ਇਕਰਾਰ ਦੀ ਖ਼ਾਤਰ

ਉਹ ਮੇਰੇ ਰੰਗ ਮੈਨੂੰ ਮੋੜ ਕੇ ਹੁਣ ਤੁਰ ਗਿਆ ਕਿਧਰੇ
ਮੈਂ ਸਾਰੀ ਉਮਰ ਲਾ ਦਿੱਤੀ ਸੀ ਜਿਸ ਸ਼ਾਹਕਾਰ ਦੀ ਖ਼ਾਤਰ

ਤੇਰੇ ਅੰਬਰ 'ਚ ਜ਼ਖ਼ਮੀ ਹੋ ਗਈ ਪਰਵਾਜ਼ ਵੀ ਮੇਰੀ
ਕਦੇ ਦੋ ਸ਼ਬਦ ਨਾ ਬੋਲੇ ਤੂੰ ਇਸ ਲਾਚਾਰ ਦੀ ਖ਼ਾਤਰ

ਤੇਰੇ ਮਗਰੋਂ ਕਦੇ ਨਾ ਮੁਸਕਰਾਉਂਦੇ ਤੱਕਿਆ ਉਸ ਨੂੰ
ਤੂੰ ਪਿੱਛੇ ਛੱਡ ਆਇਐਂ ਜਿਸ ਨੂੰ ਬਸ ਰੁਜ਼ਗਾਰ ਦੀ ਖ਼ਾਤਰ

ਆਪਣਿਆਂ ਤੋਂ ਵੀ ਪਿਆਰਾ ਇਕ ਬੇਗਾਨਾ ਮਿਲ ਗਿਆ
ਜੀਣ ਦਾ ਸਾਨੂੰ ਵੀ ਇਕ ਸੋਹਣਾ ਬਹਾਨਾ ਮਿਲ ਗਿਆ

ਓਸ ਪੱਥਰ-ਦਿਲ ਦੇ ਨੈਣੀਂ ਬੇਕਰਾਰੀ ਦੇਖ ਕੇ
ਸਾਨੂੰ ਰਾਹਾਂ ਛਾਣੀਆਂ ਦਾ ਮਿਹਨਤਾਨਾ ਮਿਲ ਗਿਆ

ਵਸਲ, ਬਿਰਹੋਂ, ਗਮ, ਉਦਾਸੀ, ਦੂਰੀਆਂ, ਨਜ਼ਦੀਕੀਆਂ
ਮਿਲ਼ ਗਿਆ ਸਾਨੂੰ ਮੁਹੱਬਤ ਦਾ ਖ਼ਜ਼ਾਨਾ ਮਿਲ ਗਿਆ

ਜਿਸ ਨੂੰ ਦੇਖਣ ਦੀ ਮਨਾਹੀ ਮੇਰੀਆਂ ਨਜ਼ਰਾਂ ਨੂੰ ਸੀ
ਓਸ ਸ਼ੈਅ 'ਤੇ ਹੱਕ ਮੈਨੂੰ ਮਾਲਕਾਨਾ ਮਿਲ ਗਿਆ

ਦੋ ਘੜੀ ਦਾ ਸਾਥ ਕੀ ਮਿਲਿਆ ਸੀ ਮੈਨੂੰ ਓਸ ਦਾ
ਇਸ ਤਰਾਂ ਲੱਗਿਆ ਜਿਵੇਂ ਸਾਰਾ ਜ਼ਮਾਨਾ ਮਿਲ ਗਿਆ

ਗੈਰ ਦੇ ਜ਼ਖ਼ਮਾਂ ਦੀ ਵੀ ਹੁਣ ਮਲ੍ਹਮ ਬਣਨਾ ਹੈ ਅਸੀਂ
ਜ਼ਿੰਦਗੀ ਦਾ ਇਸ ਤਰ੍ਹਾਂ ਸਾਨੂੰ ਨਿਸ਼ਾਨਾ ਮਿਲ ਗਿਆ

ਨ੍ਹੇਰੀ ਘਟਾ ਤੇ ਧੁੱਪ ਨੂੰ 'ਕੱਠਿਆਂ ਬੁਲਾ ਲਿਆ
ਆਪਣੀ ਬਹਾਰ ਵਿੱਚ ਮੈਂ ਖਲਜਗਣ ਪਾ ਲਿਆ

ਸਾਇਆ ਸੀ ਜਾਂ ਖ਼ਿਆਲ ਸੀ ਜਾਂ ਵਹਿਮ ਸੀ ਕੋਈ
ਮੈਂ ਜਿਸ ਨੂੰ ਪਾਉਣ ਵਾਸਤੇ ਖ਼ੁਦ ਨੂੰ ਮਿਟਾ ਲਿਆ

ਜੋ ਆਖਦਾ ਸੀ ਖੋਖਲੀ ਬੁਨਿਆਦ ਹੈ ਤੇਰੀ
ਉਹ ਜ਼ਲਜ਼ਲਾ ਮੈਂ ਆਪਣੇ ਪੈਰੀਂ ਝੁਕਾ ਲਿਆ

ਆਪੇ ਹੀ ਮੁਕਤ ਹੋਣ ਦਾ ਕਰੀਏ ਕੋਈ ਯਤਨ
ਪੈਗ਼ੰਬਰਾਂ ਨੇ ਆਉਣ ਦਾ ਵੇਲ਼ਾ ਖੁੰਝਾ ਲਿਆ

ਮਕਤਲ ਦੇ ਵੱਲ ਤੁਰ ਪਏ ਸਾਰੇ ਹੀ ਚੁੱਪ ਚਾਪ
ਮੁਰਸ਼ਦ ਨੇ ਹਰ ਮੁਰੀਦ ਨੂੰ ਹੀ ਵਰਗਲ਼ਾ ਲਿਆ

ਲਹਿਰਾਂ ਤਾਂ ਆ ਕੇ ਦੱਸਦੀਆਂ, ਸੁਣਦੇ ਨਹੀਂ ਅਸੀਂ
ਕਿੰਨੇ ਜਜ਼ੀਰਿਆਂ ਨੂੰ ਸਮੁੰਦਰ ਨੇ ਖਾ ਲਿਆ

ਸਭ ਤਾਜਦਾਰ ਵੇਖ ਕੇ ਹੈਰਾਨ ਰਹਿ ਗਏ
ਜਦ ਅੱਖਰਾਂ ਦਾ ਮੁਕਟ ਮੈਂ ਸਿਰ 'ਤੇ ਸਜਾ ਲਿਆ

■

ਤੇਰੇ ਬੁੱਲ੍ਹਾਂ ’ਤੇ ਜੇ ਹਰ ਜਨਮ ਵਿਚ ਇਨਕਾਰ ਹੀ ਰਹਿਣਾ
ਤਾਂ ਮੈਂ ਵੀ ਹੋਂਦ ਤੇ ਅਣਹੋਂਦ ਦੇ ਵਿਚਕਾਰ ਹੀ ਰਹਿਣਾ

ਤੂੰ ਏਸੇ ਜਨਮ ਵਿਚ ਮੈਨੂੰ ਜੇ ਮਿਲ ਜਾਂਦਾ ਤਾਂ ਚੰਗਾ ਸੀ
ਮੇਰੇ ਆਵਾਗਵਣ ਦਾ ਹੁਣ ਤੇਰੇ ਸਿਰ ਭਾਰ ਹੀ ਰਹਿਣਾ

ਇਹਨਾਂ ਵਿਚ ਤਰਨ ਡੁੱਬਣ ਦੀ ਇਜਾਜ਼ਤ ਤਾਂ ਨਹੀਂ ਮੈਨੂੰ
ਮੈਂ ਇਹਨਾਂ ਪਾਣੀਆਂ ਦਾ ਸਿਰਫ਼ ਪਹਿਰੇਦਾਰ ਹੀ ਰਹਿਣਾ

ਜੇ ਮੈਨੂੰ ਸਮਝਦੈ ਦੁਸ਼ਮਣ ਤਾਂ ਸਮਝੀ ਜਾਣ ਦੇ ਉਸ ਨੂੰ
ਉਹ ਮੇਰੇ ਵਾਸਤੇ ਫਿਰ ਵੀ ਮੇਰਾ ਦਿਲਦਾਰ ਹੀ ਰਹਿਣਾ

ਮੈਂ ਅਦਨਾ ਕਾਵਿ ਬਿੰਦੂ ਵੀ ਬਣਾਂਗਾ ਦਾਇਰਾ ਇਕ ਦਿਨ
ਮੇਰੀ ਕਵਿਤਾ ’ਚੋਂ ਹੁਣ ਹੁੰਦਾ ਮੇਰਾ ਵਿਸਥਾਰ ਹੀ ਰਹਿਣਾ

ਉਹ ਮੇਰੇ ਨਾਲ ਲੜ ਕੇ ਮੰਨ ਜਾਂਦਾ ਫੇਰ ਲੜ ਪੈਂਦਾ
ਚਲੋ ਛੱਡੋ ਪਰਾਂ ਇਸ ਪਿਆਰ ਨੇ ਤਾਂ ਪਿਆਰ ਹੀ ਰਹਿਣਾ

ਖ਼ਿਜ਼ਾਵਾਂ ਜਾਣ ਤੋਂ ਮੁਨਕਰ, ਬਹਾਰਾਂ ਆਉਣ ਤੋਂ ਮੁਨਕਰ
ਕਦੋਂ ਦੀ ਰਾਤ ਮੁੱਕ ਚੱਲੀ ਤੇ  ਅੱਖਾਂ ਸੌਣ ਤੋਂ ਮੁਨਕਰ

ਨਜ਼ਰੀਆ ਸਭ ਦਾ ਆਪੋ ਆਪਣਾ ਹੈ ਜ਼ਿੰਦਗੀ ਬਾਰੇ
ਕਿਸੇ ਨੂੰ ਰੋਣ ਤੋਂ ਨਫ਼ਰਤ, ਕੋਈ ਮੁਸਕਾਉਣ ਤੋਂ ਮੁਨਕਰ

ਚਿੰਗਾਰੀ ਫੈਲ ਕੇ ਏਧਰ ਤਾਂ ਹੋ ਚੁੱਕੀ ਹੈ ਦਾਵਾਨਲ
ਤੇ ਓਧਰ ਮੇਘਲਾ ਹੋਇਆ ਹੈ ਮੀਂਹ ਵਰਸਾਉਣ ਤੋਂ ਮੁਨਕਰ

ਉਹਨੇ ਬੋਟਾਂ ਦੀ ਸੂਹ ਲੈਂਦਾ ਹੋਇਆ ਹੈ ਦੇਖਿਆ ਸ਼ਿਕਰਾ
ਚਿੜੀ ਐਵੇਂ ਨਹੀਂ ਹੋਈ  ਉਡਾਰੀ ਲਾਉਣ ਤੋਂ ਮੁਨਕਰ

ਮੇਰੀ ਬਾਬਤ ਰਿਹਾ ਦੁਬਿਧਾ 'ਚ ਸਾਰੀ ਉਮਰ ਹੀ ਉਹ ਤਾਂ
ਕਦੇ ਅਪਣਾਉਣ ਤੋਂ ਮੁਨਕਰ, ਕਦੇ ਠੁਕਰਾਉਣ ਤੋਂ ਮੁਨਕਰ

ਹਨੇਰੇ ਦਾ ਸੁਦਾਗਰ ਕੀ ਉਨ੍ਹਾਂ ਨੂੰ ਦੇ ਗਿਆ ਲਾਲਚ
ਕਿ ਦੀਵੇ ਹੋ ਗਏ ਨੇ ਝੁੱਗੀਆਂ ਰੁਸ਼ਨਾਉਣ ਤੋਂ ਮੁਨਕਰ

ਉਹ ਸਾਨੂੰ ਆਰਿਆਂ ਹੇਠਾਂ ਖੜ੍ਹਾ ਕੇ ਲਾਪਤਾ ਹੋਇਆ
ਮਸੀਹਾ ਹੋ ਗਿਆ ਸੀ ਆਪ ਸਿਰ ਕਟਵਾਉਣ ਤੋਂ ਮੁਨਕਰ

ਵਾਰਸਾਂ ਕੋਲ਼ੋਂ ਹੀ ਕੋਈ ਲਾਜ਼ਮੀ ਸੁਰ ਥੁੜ ਗਈ
ਪੁਰਖਿਆਂ ਦੇ ਗੀਤ ਦੀ ਸਾਰੀ ਰਵਾਨੀ ਰੁੜ੍ਹ ਗਈ

ਕਿਸ ਤਰ੍ਹਾਂ ਦਾ ਛਲ-ਕਪਟ ਹੈ, ਕਿਸ ਤਰ੍ਹਾਂ ਦਾ ਕਹਿਰ ਹੈ
ਜਦ ਚਿੜੀ ਧਰਤੀ 'ਤੇ ਉਤਰੀ, ਚੋਗ ਅੰਬਰੀਂ ਉੜ ਗਈ

ਇਹ ਕਦੇ ਦਸਤਕ ਨਾ ਦਿੰਦੀ, ਕੀ ਕਰਾਂ ਮੈਂ ਏਸ ਦਾ
ਜ਼ਿੰਦਗੀ ਮੇਰੇ ਦਰਾਂ 'ਤੋਂ ਫੇਰ ਵਾਪਸ ਮੁੜ ਗਈ

ਜਦ ਹਵਾ ਦੀ ਪੀਂਘ 'ਤੇ ਝੂਟੇ ਸੀ ਲੈਂਦਾ ਉਹ ਗੁਲਾਬ
ਲਾਗਲੀ ਇਕ ਸੂਲ਼ ਉਸ ਦੇ ਜਿਸਮ ਅੰਦਰ ਪੁੜ ਗਈ

ਮੈਂ ਹੀ ਬੇਲੋੜਾ ਜਿਹਾ ਮੋਤੀ ਸਾਂ ਜਿਹੜਾ ਕਿਰ ਗਿਆ
ਟੁੱਟ ਕੇ ਗਾਨੀ ਦੁਬਾਰਾ ਫੇਰ ਓਵੇਂ ਜੁੜ ਗਈ

ਜ਼ਿੰਦਗੀ ਦੇ ਨਾਲ ਇਹ ਕੇਹੋ ਜਿਹਾ ਛਲ਼ ਹੋ ਗਿਆ
ਅਪਣਾ ਪਰਛਾਵਾਂ ਹੀ ਜਾ ਕੇ ਦੁਸ਼ਮਣਾਂ ਵੱਲ ਹੋ ਗਿਆ

ਵਕਤ ਦਾ ਉਹ ਅੰਸ਼ ਮੇਰੇ ਵਾਸਤੇ ਹੈ ਵਰਤਮਾਨ
ਜੋ ਕਿਸੇ ਦੇ ਵਾਸਤੇ ਇਕ ਬੀਤਿਆ ਪਲ ਹੋ ਗਿਆ

ਪੀੜ ਮੇਰੀ ਨੇ ਦਿਖਾ ਦਿੱਤਾ ਅਨੋਖਾ ਚਮਤਕਾਰ
ਮੈਂ ਸਮਾਪਤ ਹੋਣ ਦੀ ਥਾਂ 'ਤੇ ਮੁਕੰਮਲ ਹੋ ਗਿਆ

ਇਸ ਦੁਆਲ਼ੇ ਘੁੰਮ ਰਹੀ ਧਰਤੀ ਕਿਤੇ ਕੀ ਤੁਰ ਗਈ
ਬਸ ਮੇਰੇ ਮੱਥੇ ਦਾ ਸੂਰਜ ਰੁੱਸ ਕੇ ਸੀਤਲ ਹੋ ਗਿਆ

ਮੇਰੀਆਂ ਅੱਖਾਂ 'ਚ ਉਸ ਨੂੰ ਆਪਣੇ ਅੱਥਰੂ ਦਿਸੇ
ਸ਼ੁਕਰ ਹੈ ਉਹ ਦਰਦ ਸਮਝਣ ਦੇ ਵੀ ਕਾਬਲ ਹੋ ਗਿਆ

'ਰਾਜ' ਦਾਵਾਨਲ 'ਚੋਂ ਬਚਿਆ ਸਿਰਫ਼ ਇੱਕੋ ਬਿਰਖ ਸੀ
ਫਿਰ ਇਕੱਲਾ ਰਹਿਣ ਕਰ ਕੇ ਉਹ ਵੀ ਪਾਗਲ ਹੋ ਗਿਆ

ਗਲ਼ ਪੈ ਗਿਆ ਸੀ ਕਿਸ ਤਰਾਂ ਦੇ ਕਾਲ਼ ਚੱਕਰ ਦਾ ਸਫ਼ਰ
ਮਿੱਠੀ ਨਦੀ ਕਰਦੀ ਰਹੀ ਖਾਰੇ ਸਮੁੰਦਰ ਦਾ ਸਫ਼ਰ

ਨਾ ਹਾਣ ਦੀ ਸਰਗਮ ਮਿਲੀ, ਨਾ ਮੇਚ ਦੀ ਝਾਂਜਰ ਜੁੜੀ
ਪੈਰਾਂ ਦੀ ਜ਼ਿੱਦ ਨੂੰ ਮਿਲ਼ ਗਿਆ ਆਪਣੇ ਬਰਾਬਰ ਦਾ ਸਫ਼ਰ

ਚਿੱਪੀ ’ਚ ਸਾਂਭੀ ਫਿਰ ਰਿਹਾ ਹੈ ਕਹਿਕਸ਼ਾਵਾਂ ਬੇਸ਼ੁਮਾਰ
ਖ਼ਬਰੇ ਕਦੋਂ ਹੈ ਮੁੱਕਣਾ ਦਰਵੇਸ਼ ਫ਼ੱਕਰ ਦਾ ਸਫ਼ਰ

ਉਕਤਾ ਗਿਆ ਹੈ ਜੀਣ ਤੋਂ ਹੀ ਜਾਂ ਹੈ ਜਗਿਆਸੂ ਕੋਈ
ਇਹ ਕੌਣ ਤੁਰਿਐ ਕਰਨ ਲਈ ਏਧਰ ਤੋਂ ਓਧਰ ਦਾ ਸਫ਼ਰ

ਉਹ ਜ਼ਿੰਦਗੀ ਨਾਲੋਂ ਵਧੇਰੇ ਮੌਤ ਦੇ ਰਹਿੰਦਾ ਕਰੀਬ
ਏਨਾ ਸੁਖਾਲਾ ਵੀ ਨਹੀਂ ਹੈ ਇਕ ਪੈਗ਼ੰਬਰ ਦਾ ਸਫ਼ਰ

ਬੁੱਲਾ ਹਵਾ ਦਾ ਤੁਰ ਪਿਆ, ਮਸਜਿਦ ਤੋਂ ਮੰਦਰ ਵੱਲ ਨੂੰ
ਓ ਮੋਮਨੋਂ ਹੁਣ ਰੋਕਿਓ ਨਾ ਏਸ ਕਾਫ਼ਰ ਦਾ ਸਫ਼ਰ

ਆਪਣੀ ਜਗਾਹ ਤੋਂ ਰੀਣ ਵੀ ਹਿੱਲੇ ਨਾ ਕਾਲ਼ੇ ਦਿਨ ਕਦੇ
ਤਾਰੀਖ਼ ਹੀ ਕਰਦੀ ਰਹੀ ਬੇਬਸ ਕਲੰਡਰ ਦਾ ਸਫ਼ਰ

ਕਿਉਂ ਮੈਂ ਅਪਣੀ ਹੋਂਦ ਨੂੰ ਹੈ ਤਰਲ ਏਨਾ ਕਰ ਲਿਆ
ਜੋ ਵੀ ਮਿਲਿਆ ਓਸ ਨੇ ਹੀ ਘੁੱਟ ਮੇਰੇ 'ਚੋਂ ਭਰ ਲਿਆ

ਜ਼ਿੰਦਗੀ ਵਿਚ ਸਿਰਫ਼ ਧੋਖੇ ਹੀ ਮਿਲੇ ਹਰ ਮੋੜ 'ਤੇ
ਹਾਰ ਕੇ ਮੈਂ ਰਾਹ 'ਚ ਮਿਲੀਆਂ ਹੋਣੀਆਂ ਨੂੰ ਵਰ ਲਿਆ

ਸਿਰਫ਼ ਮਾਲੀ ਦੀ ਹੀ ਮਨਜ਼ੂਰੀ ਲਿਆਵੇਂ ਵਾਰ ਵਾਰ
ਮਹਿਕ ਚਾਹੀਦੀ ਤਾਂ ਫੁੱਲਾਂ ਦੇ ਵੀ ਹਸਤਾਖਰ ਲਿਆ

ਸੁੱਕੀਆਂ ਨਦੀਆਂ ਦੇ ਰਾਹੀਂ ਸਾਗਰਾਂ ਤਕ ਪਹੁੰਚੀਆਂ
ਅੰਤ ਨੂੰ ਮੱਛੀਆਂ ਨੇ ਤਪਦੀ ਰੇਤ ਵਿਚ ਹੀ ਤਰ ਲਿਆ

ਉਸ ਨੇ ਕੁਝ ਟੁੱਟੇ ਸਿਤਾਰੇ ਚੁਗਦਿਆਂ ਮੈਨੂੰ ਕਿਹਾ
ਜੇ ਲਿਆ ਸਕਦੈਂ ਇਹਨਾਂ ਦੇ ਹਾਣ ਦਾ ਅੰਬਰ ਲਿਆ

ਹਾਸਿਆਂ ਦਾ ਸ਼ੋਰ ਵੀ ਪੈਂਦਾ ਰਿਹਾ ਸੀ ਸੋਗ 'ਤੇ
ਤੁਰ ਗਿਆਂ ਦੀ ਯਾਦ ਵਿਚ ਮੈਂ ਇਹ ਸਿਤਮ ਵੀ ਜਰ ਲਿਆ

ਏਨੇ ਜੋਗੀ ਰਹਿ ਗਈ ਬਸ ਹੋਰ ਕੁਝ ਨਾ ਬੋਲਦੀ
'ਰਾਜ' ਤੇਰਾ ਨਾਮ ਜੀਭ ਉੱਤੇ ਮੈਂ ਕਾਹਦਾ ਧਰ ਲਿਆ

ਨਵੇਂ ਜ਼ਖ਼ਮਾਂ ਦੀ ਦਿੰਦਾ ਜਾਹ ਮੁਬਾਰਕਬਾਦ ਹੁਣ ਮੈਨੂੰ
ਖ਼ੁਦਾ ਦੇ ਵਾਸਤੇ ਮੁੜ ਕੇ ਨਾ ਆਵੀਂ ਯਾਦ ਹੁਣ ਮੈਨੂੰ

ਤੇਰੇ ਚਿਹਰੇ ਦੀ ਹਰ ਫਿੱਕੀ ਇਬਾਰਤ ਆ ਗਈ ਪੜ੍ਹਨੀ
ਤੇਰੇ ਹੰਝੂਆਂ ਦਾ ਕਰਨਾ ਆ ਗਿਆ ਅਨੁਵਾਦ ਹੁਣ ਮੈਨੂੰ

ਮੇਰੀ ਕਾਇਆ ਨੂੰ ਅੱਜਕਲ੍ਹ ਹਾਦਸੇ ਮਹਿਸੂਸ ਨਾ ਹੁੰਦੇ
ਮੇਰੇ ਹਾਲਾਤ ਨੇ ਕੀਤਾ ਨਿਰਾ ਫੌਲਾਦ ਹੁਣ ਮੈਨੂੰ

ਜੇ ਕਿਧਰੇ ਉੱਜੜਿਆ ਤਾਂ ਸ਼ੌਕ ਹੀ ਮੈਨੂੰ ਉਜਾੜਨਗੇ
ਕਿਸੇ ਨੇ ਹੋਰ ਕੀ ਕਰਨਾ ਭਲਾ ਬਰਬਾਦ ਹੁਣ ਮੈਨੂੰ

ਖ਼ਮੋਸ਼ੀ ਦੇ ਭੁਲਾਵੇਂ ਰਸਤਿਆਂ ਵਿਚ ਉਲਝਿਆ ਫਿਰਦਾਂ
ਬਚਾ ਸਕਦਾ ਹੈ ਭਟਕਣ ਤੋਂ ਕੋਈ ਸੰਵਾਦ ਹੁਣ ਮੈਨੂੰ

ਵਸੇ ਫੁੱਲਾਂ 'ਚ ਕਿਉਂ ਖ਼ੁਸ਼ਬੋ, ਵਸੇ ਕਿਉਂ ਤਾਰਿਆਂ ਵਿਚ ਲੋਅ
ਸਮਝ ਆਈ ਕਿਸੇ ਆਪਣੇ ਤੋਂ ਵਿਛੜਨ ਬਾਅਦ ਹੁਣ ਮੈਨੂੰ

ਜੋ ਹੁਣ ਤੱਕ ਅਣਕਿਹਾ ਹੈ ਓਹੀ ਤੈਨੂੰ ਕਹਿਣ ਲੱਗਾ ਹਾਂ
ਮੈਂ ਆਪਣੇ ਆਪ ਨੂੰ ਤੇਰੇ ਤੋਂ ਵਾਪਸ ਲੈਣ ਲੱਗਾ ਹਾਂ

ਮੇਰੀ ਇਸ ਤਰਲਤਾ ਨੇ ਜਿਸ 'ਚ ਮੈਨੂੰ ਰਹਿਣ ਨਾ ਦਿੱਤਾ
ਮੈਂ ਉਸ ਬੇੜੀ ਦੇ ਹੇਠਾਂ ਨੀਰ ਬਣ ਕੇ ਵਹਿਣ ਲੱਗਾ ਹਾਂ

ਕੋਈ ਇਸ ਨੂੰ ਮੇਰੀ ਦੀਵਾਨਗੀ ਕਹਿੰਦੈ, ਕਹੀ ਜਾਵੇ
ਮੈਂ ਉਸਰਨ ਵਾਸਤੇ ਇਕ ਵਾਰ ਫਿਰ ਤੋਂ ਢਹਿਣ ਲੱਗਾ ਹਾਂ

ਕਿਤੇ ਤੈਨੂੰ ਵਹਾ ਕੇ ਹੀ ਨਾ ਲੈ ਜਾਵਾਂ, ਰਹੀਂ ਬਚ ਕੇ
ਮੈਂ ਆਪਣੇ ਕੰਢਿਆਂ ਦੇ ਨਾਲ਼ ਅੱਜਕਲ ਖਹਿਣ ਲੱਗਾ ਹਾਂ

ਮਤੇ ਮੇਰੀ ਉਦਾਸੀ ਓਸ ਨੂੰ ਬੇਚੈਨ ਕਰ ਦੇਵੇ
ਮੈਂ ਉਸ ਦੇ ਸਾਹਮਣੇ ਫ਼ਰਜ਼ੀ ਜਿਹਾ ਖ਼ੁਸ਼ ਰਹਿਣ ਲੱਗਾ ਹਾਂ

ਪੁਰਾਣੇ ਜ਼ਖ਼ਮ ਅੱਲੇ ਰੱਖਣੇ ਪੈਣੇ ਨੇ ਹੁਣ ਮੈਨੂੰ
ਮੈਂ ਬਣ ਕੇ ਆਪ ਹੀ ਛਿਲਤਰ ਇਨ੍ਹਾਂ ਵਿਚ ਲਹਿਣ ਲੱਗਾ ਹਾਂ

ਹਨੇਰੇ ਦੀ ਕੋਈ ਵੀ ਸੁਰ ਨਹੀਂ ਰਲ਼ਦੀ ਉਜਾਲੇ ਨਾਲ
ਬਦਲਨੇ ਪੈਣਗੇ ਸਭ ਰਾਗ, ਸਾਨੂੰ ਪਹੁ-ਫੁਟਾਲ਼ੇ ਨਾਲ

ਕੀ ਹੋਣਾ ਸੀ ਤੇ ਕੀ ਹੋਇਆ, ਮੈਂ ਕਿਸ ਉੱਤੇ ਮਲ੍ਹਮ ਲਾਵਾਂ
ਉਹ ਪੱਥਰ ਭੁਰ ਗਿਆ ਖਹਿ ਕੇ ਮੇਰੀ ਅੱਡੀ ਦੇ ਛਾਲੇ ਨਾਲ

ਇਹ ਕੁਰਬਾਨੀ ਸੀ ? ਆਤਮਘਾਤ ਸੀ ? ਜਾਂ ਫਿਰ ਛਲਾਵਾ ਸੀ ?
ਕਿ ਉਸ ਨੇ ਜ਼ਹਿਰ ਵੀ ਪੀਤਾ ਸੀ ਸੋਨੇ ਦੇ ਪਿਆਲੇ ਨਾਲ

ਇਹ ਮੰਨਦੇ ਬਹੁਤ ਨੇ ਸਾਨੂੰ, ਪਰ ਇਹ ਮੰਨਦੇ ਨਹੀਂ ਸਾਡੀ
ਕਿਸੇ ਬਸਤੀ 'ਚ ਮਸਜਿਦ ਗੱਲ ਕਰਦੀ ਸੀ ਸ਼ਿਵਾਲੇ ਨਾਲ

ਕਿਸੇ ਪਤਨੀ, ਕਿਸੇ ਗੋਪੀ ਦੇ ਕੋਲੋਂ ਰੋਕ ਨਾ ਹੁੰਦੀ
ਉਹ ਰਾਧਾ ਅੱਜ ਵੀ ਓਵੇਂ ਰਾਸ ਕਰਦੀ ਹੈ ਗੁਆਲੇ ਨਾਲ

ਉਹ ਰਾਹਬਰ ਆਪਣੇ ਬੱਚਿਆਂ ਨੂੰ ਤਾਂ ਅੰਦਰ ਲੁਕੋ ਆਉਂਦਾ
ਜਦੋਂ ਵੀ ਗੱਲ ਕਰਦਾ ਹੈ ਸ਼ਹੀਦਾਂ ਦੇ ਹਵਾਲੇ ਨਾਲ਼

ਮੁਰਦਿਆਂ ਜਿਸਮਾਂ ਦੇ ਵਿਚ ਵੀ ਜਾਨ ਪਾਈ ਜਾ ਰਿਹੈ
ਓਦਰੀ ਮਹਿਫ਼ਲ 'ਚ ਅੱਜ ਇਹ ਕੌਣ ਗਾਈ ਜਾ ਰਿਹੈ

ਜ਼ਲਜ਼ਲੇ ਦੇ ਰੂਬਰੂ ਹਨ ਸ਼ਹਿਰ ਦੇ ਸਭ ਲੋਕ ਤਾਂ
ਬੇਖ਼ਬਰ ਨੀਰੋ ਅਜੇ ਬੰਸੀ ਵਜਾਈ ਜਾ ਰਿਹੈ

ਜਿਹੜੇ ਦਿਨ ਤੋਂ ਮਿਲ ਗਿਐ ਕਾਜ਼ੀ ਦਾ ਰੁਤਬਾ ਓਸ ਨੂੰ
ਰਾਤ ਨੂੰ ਸੁਫ਼ਨੇ 'ਚ ਵੀ ਫ਼ਤਵੇ ਸੁਣਾਈ ਜਾ ਰਿਹੈ

ਕੂੜ ਦੇ ਅੰਨ੍ਹੇ ਸਫ਼ਰ ਵਿਚ ਇਹ ਨਾ ਕੋਈ ਜਾਣਦਾ
ਕੌਣ ਕਿਸ ਨੂੰ ਆਪਣੇ ਰਾਹ 'ਚੋਂ ਹਟਾਈ ਜਾ ਰਿਹੈ

ਹਰ ਕਦਮ 'ਤੇ ਹੀ ਹਵਾਵਾਂ ਦੀ ਤਲਾਸ਼ੀ ਹੋ ਰਹੀ
ਫੇਰ ਇਹ ਫੁਲ ਕਿਸ ਤਰਾਂ ਖ਼ੁਸ਼ਬੋ ਖਿੰਡਾਈ ਜਾ ਰਿਹੈ

ਤਾਰਿਆਂ ਦੇ ਸਿਰ ਤੋਂ ਕੋਈ ਲਾਹ ਕੇ ਅੰਬਰ ਲੈ ਗਿਆ
ਇਸ 'ਚ ਵੀ ਕੁਝ ਦੀਵਿਆਂ ਦਾ ਨਾਮ ਆਈ ਜਾ ਰਿਹੈ

ਲੰਘਦੇ ਰਾਹੀ ਤਾਂ ਉਸ ਨੂੰ ਦੇਖ ਕੇ ਹਨ ਰੋ ਰਹੇ
ਤੇ ਉਹ ਸੂਲ਼ੀ ਟੰਗਿਆ ਵੀ ਮੁਸਕਰਾਈ ਜਾ ਰਿਹੈ

ਏਸ ਨੂੰ ਵਰਤਣ ਦੀ ਜੇਕਰ ਜਾਚ ਹੀ ਨਾ 'ਰਾਜ' ਨੂੰ
ਧੌਣ ਉੱਤੇ ਭਾਰ ਸਿਰ ਦਾ ਕਿਉਂ ਉਠਾਈ ਜਾ ਰਿਹੈ

ਮੈਂ ਅੰਦਰ ਵੜ ਕੇ ਜਦ ਦੀਵੇ ਦੇ ਤਰਲੇ ਪਾ ਰਿਹਾ ਸੀ
ਉਦੋਂ ਸੂਰਜ ਕਿਤੇ ਮੇਰਾ ਹੀ ਦਰ ਖੜਕਾ ਰਿਹਾ ਸੀ

ਅਸਾਨੂੰ ਡੁੱਬਦਿਆਂ ਨੂੰ ਦੇਖ ਕੇ ਦਰਿਆ ਤਾਂ ਰੋਇਆ
ਤੇ ਕੋਈ ਆਪਣਾ ਕੰਢੇ ਖੜ੍ਹਾ ਮੁਸਕਾ ਰਿਹਾ ਸੀ

ਉਹਨੂੰ ਸੁਪਨੇ 'ਚ ਰਾਤੀਂ ਚੂੰਢਿਆ ਸੀ ਕੀੜੀਆਂ ਨੇ
ਉਹ ਜਿਹੜਾ ਨਾਗ ਮੱਥੇ 'ਤੇ ਦਿਨੇ ਖੁਣਵਾ ਰਿਹਾ ਸੀ

ਪਿਆਸੇ ਪੰਛੀਆਂ ਨੂੰ ਓਸ ਦੇ ਉੱਤੋਂ ਉਡਾ ਕੇ
ਕਿਤੇ ਇਕ ਬੁੱਤ ਦੁੱਧ ਦੇ ਨਾਲ਼ ਧੋਤਾ ਜਾ ਰਿਹਾ ਸੀ

ਸਜ਼ਾ-ਏ-ਮੌਤ ਮਗਰੋਂ ਵੀ ਭਲਾ ਕੀ ਡਰ ਸੀ ਉਸ ਨੂੰ
ਕਿ ਉਹ ਸੱਚ ਕਹਿਣ ਤੋਂ ਹਾਲੇ ਵੀ ਕਿਉਂ ਕਤਰਾ ਰਿਹਾ ਸੀ

ਤੁਸੀਂ ਲਿਖਦੇ ਰਹੇ ਐਵੇਂ ਹੀ ਖ਼ੁਸ਼ਬੂ 'ਤੇ ਕਿਤਾਬਾਂ
ਜਦੋਂ ਕਿ ਬਾਗ ਦਾ ਹਰ ਫੁੱਲ ਹੀ ਮੁਰਝਾ ਰਿਹਾ ਸੀ

■

ਦਿਲ ਦੀ ਉਦਾਸ ਰੁੱਤ ਨੂੰ ਕੋਈ ਤਾਂ ਚਾਅ ਦਿਆਂ
ਕਿਉਂ ਨਾ ਮੈਂ ਇਸ ਜ਼ਮੀਨ ਵਿਚ ਮਹਿੰਦੀ ਉਗਾ ਦਿਆਂ

ਮਿੱਟੀ, ਅਗਨ, ਆਕਾਸ਼, ਮੇਰੇ 'ਚੋਂ ਪੁਕਾਰਦੇ
ਕਿ ਮੈਂ ਹਵਾ ਤੇ ਨੀਰ ਦੇ ਦੁੱਖੜੇ ਵੰਡਾਅ ਦਿਆਂ

ਮਹਿਲਾਂ ਦੀ ਥਾਂ 'ਤੇ ਝੁੱਗੀਆਂ ਰੁਸ਼ਨੌਣਗੇ ਸਦਾ
ਜੇ ਦੀਵਿਆਂ 'ਚ ਖ਼ੂਨ ਦੇ ਕਤਰੇ ਚੁਆ ਦਿਆਂ

ਜ਼ਿੱਦੀ ਜਿਹਾ ਇਹ ਫੇਰ ਆ ਜਾਂਦਾ ਹੈ ਪਰਤ ਕੇ
ਜਦ ਵੀ ਤੇਰੇ ਖ਼ਿਆਲ ਦਾ ਪੰਛੀ ਉਡਾ ਦਿਆਂ

ਆਪੇ ਹੀ ਗੀਤ ਮੌਲ ਪੈਂਦੇ ਇਨਕਲਾਬ ਦੇ
ਦਿਲ ਦਾ ਗ਼ੁਬਾਰ ਜਦ ਕਦੇ ਸਫ਼ਿਆਂ 'ਤੇ ਲਾਹ ਦਿਆਂ

ਰੁਕ ਜਾ ਜ਼ਰਾ ਕੁ ਸੂਰਜਾ 'ਨ੍ਹੇਰਾ ਨਾ ਕਰ ਅਜੇ
ਰਾਹੀਆਂ ਨੂੰ ਰੌਸ਼ਨੀ ਦੀਆਂ ਪੰਡਾਂ ਚੁਕਾ ਦਿਆਂ

ਹੁਣ ਕਹਿਕਸ਼ਾਂ ਦੇ ਗਿਰਦ ਘੁੰਮਦੇ ਚੋਰ ਯਾਰ ਵੀ
ਕਿਉਂ ਨਾ ਸਿਤਾਰਿਆਂ ਨੂੰ ਹਿਲਾ ਕੇ ਜਗਾ ਦਿਆਂ

■

ਜਿਹੜੇ ਸ਼ਬਦਾਂ ਤੋਂ ਹੀ ਸ਼ਬਦਾਂ ਦੀ ਬੇਅਦਬੀ ਕਰਾਉਂਦੇ ਨੇ
ਭਲਾ ਉਹ ਕਿਸ ਤਰ੍ਹਾਂ ਦਾ ਇਲਮ ਪੜ੍ਹਦੇ ਤੇ ਪੜ੍ਹਾਉਂਦੇ ਨੇ

ਪਰਿੰਦੇ ਡਾਰ ਬੰਨ੍ਹ ਕੇ ਹੁਣ ਕਦੇ ਆਉਂਦੇ ਨਹੀਂ ਦੇਖੇ
ਜਦੋਂ ਕਿ ਆਰਿਆਂ ਦੇ ਕਾਫ਼ਲੇ ਜੰਗਲ਼ ਨੂੰ ਆਉਂਦੇ ਨੇ

ਮੇਰੇ 'ਚੋਂ ਉੱਠ ਕੇ ਮੇਰੀ ਖ਼ਿਲਾਫ਼ਤ ਕਰਨ ਲਗ ਪੈਂਦੀ
ਜਦੋਂ ਜਜ਼ਬਾਤ ਮੇਰੀ ਸੋਚਣੀ ਨੂੰ ਵਰਗਲ਼ਾਉਂਦੇ ਨੇ

ਮੇਰੇ ਮੱਥੇ 'ਤੇ ਉੱਕਰੀ ਹੈ ਵਸਲ ਤੇ ਹਿਜਰ ਦੀ ਕਵਿਤਾ
ਭੰਵਰ ਬਣ ਕੇ ਮੇਰੇ ਅਹਿਸਾਸ ਇਸ ਦੇ ਗਿਰਦ ਭਾਉਂਦੇ ਨੇ

ਅਸੀਂ ਰੁੱਸੇ ਰਹੇ, ਰੁੱਸਿਆਂ ਗੁਜ਼ਾਰੀ ਜ਼ਿੰਦਗੀ ਸਾਰੀ
ਮਿਲੇ ਨਾ ਸਾਲਸੀ ਐਸੇ ਜੋ ਰੁੱਸਿਆਂ ਨੂੰ ਮਨਾਉਂਦੇ ਨੇ

ਸੁਲਗ਼ਦੇ ਕੰਠ ਵਿੱਚੋਂ ਅੱਗ ਦੇ ਸੁਰ ਕੱਢਣੇ ਪੈਂਦੇ
ਇਹ ਨਗ਼ਮਾ ਹੈ ਅਜ਼ਾਦੀ ਦਾ ਇਹਨੂੰ ਸਿਰਲੱਥ ਗਾਉਂਦੇ ਨੇ

ਹਉਮੈ ਅਤੇ ਗੁਮਾਨ ਦੇ ਹੱਥੀਂ ਚੜ੍ਹੀ ਗਈ
ਮਿੱਟੀ ਦੇ ਨਾਲ਼ ਮਿੱਟੀ ਤਾਂ ਮੁੱਢ ਤੋਂ ਲੜੀ ਗਈ

ਦਿਸਦੀ ਰਹੀ ਸੀ ਉਂਝ ਤਾਂ ਖ਼ੁਸ਼-ਹਾਲ ਉੱਪਰੋਂ
ਪੁਤਲੀ ਉਹ ਹੱਡ-ਮਾਸ ਦੀ ਅੰਦਰੋਂ ਸੜੀ ਗਈ

ਪੱਥਰ ਬੜਾ ਸੰਤੁਸ਼ਟ ਸੀ, ਜਿਸ ਹਾਲ ਵਿਚ ਵੀ ਸੀ
ਜਦ ਤਕ ਨਾ ਉਸ ’ਚੋਂ ਰੱਬ ਦੀ ਮੂਰਤ ਘੜੀ ਗਈ

ਹੁਣ ਤਕ ਰਹੇ ਸੀ ਚਮਕਦੇ ਮੇਰੇ ਹੀ ਨੂਰ ਨਾਲ
ਰਾਤੀਂ ਸਿਤਾਰਿਆਂ ਦੀ ਇਹ ਚੋਰੀ ਫੜੀ ਗਈ

ਸਾਰੇ ਅਦਬ-ਅਦਾਬ ਨੇ ਕਰਨਾ ਠਰੂੰ-ਠਰੂੰ
ਮਹਿਫ਼ਲ ’ਚ ਜੇ ਨਾ ਸੁਲਗਦੀ ਕਵਿਤਾ ਪੜ੍ਹੀ ਗਈ

ਅਗਲੀ ਨਸਲ ਨੂੰ ਤੋਰਨਾ ਇਸ ਨੇ ਪਿਛਲਖੁਰੀ
ਜੇਕਰ ਇਹ ਤੰਗ ਸੋਚਣੀ ਘਰ-ਘਰ ਵੜੀ ਗਈ

ਵਹਿਸ਼ੀ ਵਰੋਲ਼ਾ ਸੀ ਕਦੇ ਬਾਗ਼ਾਂ ’ਚੋਂ ਲੰਘਿਆ
ਕਲੀਆਂ ਤੋਂ ਬਹੁਤ ਦੇਰ ਤਕ ਰੇਤਾ ਝੜੀ ਗਈ

ਮੇਰੀਆਂ ਸੋਚਾਂ ’ਤੇ ਕਿਉਂ ਪਹਿਰਾ ਬਿਠਾ ਕੇ ਤੁਰ ਗਿਆ
ਕੌਣ ਮੇਰੇ ਅੱਖਰਾਂ ’ਤੇ ਲੀਕ ਵਾਹ ਕੇ ਤੁਰ ਗਿਆ

ਮੇਰਿਆਂ ਹੱਥਾਂ ’ਚੋਂ ਆਪਣਾ ਹੱਥ ਛੁਡਾ ਕੇ ਤੁਰ ਗਿਆ
ਉਹ ਪਤਾ ਨਹੀਂ ਕਿਸ ਦੀਆਂ ਗੱਲਾਂ ’ਚ ਆ ਕੇ ਤੁਰ ਗਿਆ

ਜ਼ਿੰਦਗੀ ਇਕ ਕਾਲ ਬਿੰਦੂ ’ਤੇ ਖੜ੍ਹੋਤੀ ਰਹਿ ਗਈ
ਵਕਤ ਇਸ ਦੀ ਬੇਬਸੀ ’ਤੇ ਮੁਸਕਰਾ ਕੇ ਤੁਰ ਗਿਆ

ਝੀਲ, ਦਰਿਆ ਤੇ ਸਰੋਵਰ, ਕੀ ਨਹੀਂ ਸੀ ਓਸ ਕੋਲ
ਫਿਰ ਵੀ ਮੇਰੀ ਪਿਆਸ ਤੋਂ ਨਜ਼ਰਾਂ ਚੁਰਾ ਕੇ ਤੁਰ ਗਿਆ

ਆਪਣੇ ਅਗਲੇ ਸਫ਼ਰ ਵਿਚ ਹੋਈ ਨਾ ਸਾਵੀਂ ਕਦੇ
ਜ਼ਿੰਦਗੀ ਦੀ ਚੂਲ਼ ਜਦ ਕੋਈ ਹਿਲਾ ਕੇ ਤੁਰ ਗਿਆ

ਗੀਤਾਂ, ਗ਼ਜ਼ਲਾਂ, ਨਗ਼ਮਿਆਂ ਦੀ ਮਾਰ ਕੇ ਮਗਰੀ ਜਿਹੀ
ਕੌਣ ਮੇਰੇ ਜ਼ਿਹਨ ’ਚੋਂ ਮੈਨੂੰ ਉਠਾ ਕੇ ਤੁਰ ਗਿਆ

‘ਰਾਜ’ ਜੇ ਉਹਨਾਂ ਦੀਆਂ ਡੋਰਾਂ ਤੇਰੇ ਹੱਥਾਂ ’ਚ ਸੀ
ਫਿਰ ਕੋਈ ਕਠਪੁਤਲੀਆਂ ਕਿੱਦਾਂ ਨਚਾ ਕੇ ਤੁਰ ਗਿਆ

ਭਾਵੇਂ ਇਹ ਕੁਝ ਪਲਾਂ ਲਈ ਹੀ ਰੂਪਮਾਨ ਹੈ
ਪਾਣੀ ਦੇ ਬੁਲਬੁਲੇ ਦੀ ਅਨੋੱਖੀ ਹੀ ਸ਼ਾਨ ਹੈ

ਏਸੇ ਹੀ ਰਾਹ ਹਨੇਰੀਆਂ ਰਾਤੀਂ ਸੀ ਲੰਘੀਆਂ
ਸੁਬਹਾ ਕਿਸੇ ਦੀ ਪੈੜ ਦਾ ਫਿਰ ਵੀ ਨਿਸ਼ਾਨ ਹੈ

ਉਸ ਨਾਲ ਪਾ ਕੇ ਸਾਂਝ ਕਿਉਂ ਲਗਦਾ ਹੈ ਇਸ ਤਰਾਂ
ਮੈਂ ਸਲਤਨਤ ਹਾਂ ਓਸ ਦੀ, ਉਹ ਹੁਕਮਰਾਨ ਹੈ

ਲੈ ਆ ਗਏ ਨੇ ਉਸ ਦਿਆਂ ਨੈਣਾਂ ’ਚ ਅੱਥਰੂ
ਚੱਲ ਸ਼ੁਕਰ ਹੈ ਖ਼ੁਦਾ ਦਾ ਕਿ ਪੱਥਰ ’ਚ ਜਾਨ ਹੈ

ਮੈਂ ਇਸ ’ਚ ਬੀਜਦਾ ਹਾਂ ਅਵਾਜ਼ਾਂ ਤਾਂ ਬੇਸ਼ੁਮਾਰ
ਫਿਰ ਵੀ ਜ਼ਿਹਨ ’ਚ ਮੌਲ਼ਦੀ ਕਿਉਂ ਸੁੰਨਸਾਨ ਹੈ

ਅੱਜ ਫੇਰ ਆ ਗਿਐ ਉਹ ਅਚਾਨਕ ਹੀ ਸਾਹਮਣੇ
ਲਗਦੈ ਕਿ ਮੇਰੇ ਜ਼ਬਤ ਦਾ ਫਿਰ ਇਮਤਿਹਾਨ ਹੈ

ਹਵਾਵਾਂ ਨੇ ਸਦਾ ਹੀ ਸਾਡੀਆਂ ਪੈੜਾਂ ਬੁਹਾਰੀਆਂ
ਅਸੀਂ ਖ਼ਾਨਾ-ਬਦੋਸ਼ਾਂ ਵਾਂਗਰਾਂ ਉਮਰਾਂ ਗੁਜ਼ਾਰੀਆਂ

ਜੋ ਬਲ਼ਦੇ ਜੰਗਲਾਂ ਨੂੰ ਕੰਡ ਦੇ ਕੇ ਉੱਡ ਗਿਆ ਸੀ ਦੂਰ
ਉਹ ਪੰਛੀ ਪਰਤਿਆ ਤਾਂ ਰਾਖ 'ਚੋਂ ਉੱਠੀਆਂ ਚਿੰਗਾਰੀਆਂ

ਉਤਾਰਨਗੇ ਇਹ ਪੱਤੇ ਕਰਜ਼ ਉਸ ਰਾਹੀ ਦਾ ਕਿਸ ਤਰ੍ਹਾਂ
ਵਲ਼ਾਵੇਂਦਾਰ ਵੇਲਾਂ ਰੁੱਖ 'ਤੋਂ ਜਿਸ ਨੇ ਉਤਾਰੀਆਂ

ਨਦੀਣਾਂ ਵਾਂਗ ਉੱਗ ਪਈਏ ਕਿਸੇ ਵੀ ਥਾਂ 'ਤੇ ਹੁਣ ਕਿਵੇਂ
ਕਿ ਫੁੱਲਾਂ ਦੇ ਖਿੜਨ ਲਈ ਲਾਜ਼ਮੀ ਹੁੰਦੀਆਂ ਕਿਆਰੀਆਂ

ਸਫ਼ੀਨੇ ਡੋਲਦੇ ਖ਼ਾਲੀ ਕਿਨਾਰੇ ਕੋਲ਼ ਆ ਗਏ
ਚੜ੍ਹੇ ਦਰਿਆ ਨੇ ਖਾ ਲਈਆਂ ਉਨ੍ਹਾਂ ਵਿੱਚੋਂ ਸਵਾਰੀਆਂ

ਹਮੇਸ਼ਾ ਫਿਕਰ ਬੋਟਾਂ ਦਾ ਵੀ ਤਾਂ ਉਡਦਾ ਹੈ ਨਾਲ ਨਾਲ
ਜਦੋਂ ਮਜਬੂਰ ਚਿੜੀਆਂ ਭਰਨ ਚੋਗੇ ਲਈ ਉਡਾਰੀਆਂ

■

ਜਾਗੀ ਹੋਈ ਜ਼ਮੀਰ ਦੇ ਹੱਕ ਵਿਚ ਖੜ੍ਹਾਂ ਕਿ ਨਾ
ਆਪਣੇ ਖ਼ਿਲਾਫ਼ ਆਪ ਹੀ ਫ਼ਤਵਾ ਪੜ੍ਹਾਂ ਕਿ ਨਾ

ਮੇਰੇ 'ਚ ਮੇਰੇ ਦੁਸ਼ਮਣਾਂ ਦੀ ਫੌਜ ਰਹਿ ਰਹੀ
ਧਰ ਕੇ ਤਲੀ 'ਤੇ ਸੀਸ ਮੈਂ ਹੁਣ ਫਿਰ ਲੜਾਂ ਕਿ ਨਾ

ਮੈਨੂੰ ਤਾਂ ਮੇਰੇ ਦੋਸਤਾਂ ਨੇ ਮੰਨ ਲਿਆ ਸ਼ਹੀਦ
ਮੈਂ ਹਾਂ ਕਿ ਸੋਚੀ ਜਾ ਰਿਹਾਂ ਸੂਲ਼ੀ ਚੜ੍ਹਾਂ ਕਿ ਨਾ

ਲੈ ਹੀ ਨਾ ਜਾਣ ਤੋੜ ਕੇ ਗ਼ਜ਼ਲਾਂ ਦੇ ਪਾਰਖੂ
ਸ਼ਿਅਰਾਂ ਦੇ ਢੂੰਡ-ਢੂੰਡ ਕੇ ਮੋਤੀ ਜੜਾਂ ਕਿ ਨਾ

ਪਤਝੜ 'ਚ ਏਸ ਵਾਰ ਵੀ ਆਈਆਂ ਨਾ 'ਨ੍ਹੇਰੀਆਂ
ਪੱਤਾ ਬਿਰਖ ਤੋਂ ਪੁੱਛ ਰਿਹਾ ਹੁਣ ਮੈਂ ਝੜਾਂ ਕਿ ਨਾ

ਸੁਣਿਆਂ ਕਿ ਬਾਹਰ ਆਉਣ ਦਾ ਰਸਤਾ ਨਹੀਂ ਕੋਈ
ਦੁਬਿਧਾ 'ਚ ਹਾਂ ਮੈਂ ਆਪਣੇ ਅੰਦਰ ਵੜਾਂ ਕਿ ਨਾ

ਸਫ਼ਿਆਂ 'ਤੇ ਆ ਕੇ ਭੁੱਲ ਹੀ ਨਾ ਜਾਣ ਚਹਿਕਣਾ
ਖ਼ਿਆਲਾਂ 'ਚ ਹੁਣ ਇਹ ਉੱਡਦੀਆਂ ਚਿੜੀਆਂ ਫੜਾਂ ਕਿ ਨਾ

ਕੀ ਪਤਾ ਦੋਹਾਂ ਦੇ ਵਿੱਚੋਂ ਕੌਣ ਹੈ ਥਾਂ-ਸਿਰ ਗਿਆ
ਜਿਹੜੇ ਰਾਹ ਮੋਮਨ ਗਿਆ ਓਸੇ ਹੀ ਰਾਹ ਕਾਫ਼ਿਰ ਗਿਆ

ਇਕ ਮੁਸੱਵਰ ਦੀ ਨਜ਼ਰ ਤਿਤਲੀ ਦੇ ਖੰਭਾਂ 'ਤੇ ਪਈ
ਕੈਨਵਸ ਦੇ ਤਾਜ਼ਿਆਂ ਰੰਗਾਂ 'ਤੇ ਪੋਚਾ ਫਿਰ ਗਿਆ

ਬੇਵਜਾਹ ਕੁਰਬਾਨੀਆਂ ਦੇ ਦੌਰ ਵਿਚ ਹੋਇਆ ਇਵੇਂ
ਖਾਹਮਖਾਹ ਦਸਤਾਰ ਲੱਥੀ, ਭੰਗ ਦੇ ਭਾੜੇ ਸਿਰ ਗਿਆ

ਲੰਬੜਾਂ ਦੇ ਘਰ 'ਚ ਵੱਜਦੇ ਢੋਲ, ਵੱਜਦੇ ਹੀ ਰਹੇ
ਸਾਡੀਆਂ ਸਭ ਕੱਚੀਆਂ ਕੰਧਾਂ ਦਾ ਕੱਲਰ ਕਿਰ ਗਿਆ

ਉਸ ਨੂੰ ਓਨਾ ਚਿਰ ਇਹੀ ਲੱਗਦਾ ਰਿਹਾ, ਜ਼ਿੰਦਾ ਹੈ ਉਹ
ਮੋਮ ਦਾ ਬੁੱਤ ਅੱਗ ਦੇ ਨੇੜੇ ਨਾ ਜਿੰਨਾ ਚਿਰ ਗਿਆ

ਚੀਕਦੇ, ਲੜਦੇ ਕਈ ਕਿਰਦਾਰ ਮੇਰੇ ਜ਼ਿਹਨ ਵਿਚ
ਮੈਂ ਇਕੱਲਾ ਹੁੰਦਿਆਂ ਵੀ ਭੀੜ ਦੇ ਵਿਚ ਘਿਰ ਗਿਆ

ਰਲ਼ ਕੇ ਜਦ ਤਾਰੇ ਤੇ ਦੀਵੇ ਹੋ ਗਏ ਮੇਰੇ ਖ਼ਿਲਾਫ਼
ਮੱਥੇ ਵਿਚਲਾ ਇੱਕ ਜੁਗਨੂੰ ਬਣ ਸੀ ਮੇਰੀ ਧਿਰ ਗਿਆ

ਅੰਦਰਲੇ ਪੈਂਡਿਆਂ ’ਤੇ ਕੀ ਜਾਵਾਂ ਵੇ ਜੋਗੀਆ
ਬਾਹਰ ਨਰਾਜ਼ ਹੁੰਦੀਆਂ ਰਾਹਵਾਂ ਵੇ ਜੋਗੀਆ

ਜਿੱਥੇ ਕਿਤੇ ਵੀ ਪਰਖ ਹੋਈ ਇਸ਼ਕ ਦੀ ਕਦੇ
ਮੈਂ ਪੂਜਦਾ ਹਾਂ ਸਿਰਫ਼ ਉਹ ਥਾਵਾਂ ਵੇ ਜੋਗੀਆ

ਧੁੱਪਾਂ ਦੇ ਨਾਲ਼ ਦੋਸਤੀ ਪਾ ਕੇ ਕਿਉਂ ਬਹਿ ਗਏ
ਰੁੱਖਾਂ ਤੋਂ ਰੋਜ਼ ਪੁੱਛਦੀਆਂ ਛਾਵਾਂ ਵੇ ਜੋਗੀਆ

ਆਪਣੇ ਸੁਭਾਅ ਦੇ ਲੋਕ ਸੀ ਧਰਤੀ ’ਤੇ ਘੱਲਣੇ
ਰੱਬ ਨੇ ਤਦੇ ਹੀ ਭੇਜੀਆਂ ਮਾਵਾਂ ਵੇ ਜੋਗੀਆ

ਖ਼ਾਨਾਬਦੋਸ਼ ਸ਼ਬਦ ਹੀ ਮੇਰੇ ’ਚ ਰਹਿ ਰਹੇ
ਤਾਂ ਹੀ ਮੈਂ ਭਟਕਦਾ ਹਾਂ ਨਿਥਾਵਾਂ ਵੇ ਜੋਗੀਆ

ਐਵੇਂ ਨਹੀਂ ਤੇਰੇ ਜਿਹੇ ਅਲਖਾਂ ਜਗਾ ਰਹੇ
ਮੈਂ ਸੁਫ਼ਨਿਆਂ ਦੀ ਖ਼ੈਰ ਵੀ ਪਾਵਾਂ ਵੇ ਜੋਗੀਆ

ਰੁੱਸਣ ਮਨਾਉਣ ਤੋਂ ਅਗਾਂਹ ਲੰਘੀ ਨਾ ਜ਼ਿੰਦਗੀ
ਲੈ ਦੇਖ ਮੁੱਕ ਚੱਲੀਆਂ ਸਾਹਵਾਂ ਵੇ ਜੋਗੀਆ

ਚਿੜੀਆਂ ਨੂੰ ਆਖ ਦੇ ਕਿ ਉਹ ਉੱਡ ਜਾਣ ਹੁਣ ਕਿਤੇ
ਨਹੀਂ ਤਾਂ ਚਰੂੰਡ ਲੈਣੀਆਂ ਕਾਵਾਂ ਵੇ ਜੋਗੀਆ

ਭੋਲ਼ੀਆਂ ਮਰਜਾਣੀਆਂ ਨੂੰ ਵਰਗਲ਼ਾ ਕੇ ਲੈ ਗਏ
ਉਹ, ਬਹਾਰਾਂ ਨੂੰ ਪਤਾ ਨਹੀਂ ਕੀ ਸਿਖਾ ਕੇ ਲੈ ਗਏ

ਕੱਚ ਦਿਆਂ ਬੁੱਤਾਂ ਨੇ ਇਹ ਕਰ ਕੇ ਦਿਖਾਇਆ ਸੀ ਕਮਾਲ
ਪੱਥਰਾਂ ਦੇ ਮੀਂਹ ’ਚੋਂ ਵੀ ਖ਼ੁਦ ਨੂੰ ਬਚਾ ਕੇ ਲੈ ਗਏ

ਜਿਸ ਕਿਸੇ ਆਵਾਜ਼ ਨੂੰ ਵੀ ਸੁਰ ਨੇ ਕੀਤਾ ਨਾ ਕਬੂਲ
ਬੇਸੁਰੇ ਨਗ਼ਮੇ ਉਹਨੂੰ ਅਪਣੀ ਬਣਾ ਕੇ ਲੈ ਗਏ

ਰਸਤਿਆਂ ’ਤੇ ਦੂਰ ਤਕ ਤੁਰਦੇ ਰਹੇ ਜੋ ਨਾਲ ਨਾਲ
ਉਹ ਮੁਸਾਫ਼ਰ ਸਾਡੀਆਂ ਪੈੜਾਂ ਚੁਰਾ ਕੇ ਲੈ ਗਏ

ਉਹ ਤਾਂ ਚਾਹੁੰਦੇ ਸੀ ਸਿਆੜਾਂ ਵਿਚ ਹੀ ਜਾ ਕੇ ਮੌਲਣਾ
ਪਰ ਉਨ੍ਹਾਂ ਬੀਆਂ ਨੂੰ ਬੀਆਬਾਨ ਆ ਕੇ ਲੈ ਗਏ

ਪਿੰਜਰੇ ਵਿੱਚੋਂ ਮਸੀਂ ਆਜ਼ਾਦ ਹੋਈਆਂ ਬੁਲਬੁਲਾਂ
ਫਿਰ ਉਨ੍ਹਾਂ ਨੂੰ ਕਾਗ ਅਪਣੇ ਮਗਰ ਲਾ ਕੇ ਲੈ ਗਏ

ਘਰ ਦਿਆਂ ਕੁਛ ਗਮਲਿਆਂ ਤਕ ਸਿਮਟੀਆਂ ਧੁੱਪਾਂ ਜਦੋਂ
ਬਿਰਖ ਰਾਹ ’ਚੋਂ ਅਪਣੀਆਂ ਛਾਵਾਂ ਉਠਾ ਕੇ ਲੈ ਗਏ

ਜਦ ਵੀ ਮੇਰੇ ਨਾਲ ਪੌਣਾਂ ਕਰਨ ਲੱਗੀਆਂ ਗੁਫਤਗੂ
ਸਿਰਫਿਰੇ ਮੌਸਮ ਉਨ੍ਹਾਂ ਨੂੰ ਚੁੱਪ ਕਰਾ ਕੇ ਲੈ ਗਏ

■

ਪੈਰ ਪਿੱਛੇ ਖਿੱਚ ਲਏ ਸਿਰ ਦੇਣ ਦੀ ਵਾਰੀ ਤੁਸੀ
ਐਨ ਮੌਕੇ ’ਤੇ ਗਵਾਈ ਆਪ ਸਰਦਾਰੀ ਤੁਸੀਂ

ਪੰਛੀਆਂ ਦੇ ਬਹਿਣ ’ਤੇ ਹੁਣ ਦਹਿਲ ਜਾਂਦਾ ਵਾਰ ਵਾਰ
ਜਿਹੜੇ ਰੁੱਖ ਦੀ ਸ਼ਾਖ ਉੱਤੇ ਟੰਗ ਗਏ ‘ਆਰੀ’ ਤੁਸੀਂ

ਸਾਡੀਆਂ ਕੰਧਾਂ ਨੂੰ ਪਹਿਲਾਂ ਲਿੱਪ ਕੇ ਬਾਰੂਦ ਨਾਲ
ਤੋਹਫ਼ਿਆਂ ਵਿਚ ਭੇਜਦੇ ਹੋ ਫੇਰ ਚਿੰਗਾਰੀ ਤੁਸੀਂ

ਲੋਕ ਤੁਰ ਪੈਂਦੇ ਨੇ ਪਿੱਛੇ ਬਸ ਤੁਹਾਡੀ ਹਾਕ ’ਤੇ
ਰਾਹਬਰੀ ਦੀ ਖ਼ੂਬ ਕਰਦੇ ਹੋ ਅਦਾਕਾਰੀ ਤੁਸੀਂ

ਸੱਚ ਦਾ ਪਰਮਾਣ ਲੈ ਕੇ ਦਿਨ ਦੁਬਾਰਾ ਚੜ੍ਹ ਗਿਐ
ਛੱਡ ਦਿਓ ਹੁਣ ਰਾਤ ਦੀ ਕਰਨੀ ਤਰਫ਼ਦਾਰੀ ਤੁਸੀਂ

ਥਲ ਦਾ ਹੈ ਪੈਂਡਾ ਤੇ ਸੂਰਜ ਐਨ ਸਿਰ ’ਤੇ ਆ ਗਿਐ
ਕਰ ਲਈ ਹੈ ਮੋਮ ਦੇ ਘੋੜੇ ਦੀ ਅਸਵਾਰੀ ਤੁਸੀਂ

■

ਦੇਹਾਂ ਨੂੰ ਛੱਡ ਕੇ ਅੱਖਰਾਂ ਅੰਦਰ ਚਲੇ ਗਏ
ਇਹ ਨਾ ਕਿਹਾ ਕਰੋ ਕਿ ਪੈਗ਼ੰਬਰ ਚਲੇ ਗਏ

ਉਹਨਾਂ ਨੇ ਜਾਣ ਲੱਗਿਆਂ ਛਾਵਾਂ ਵੀ ਵੇਚੀਆਂ
ਲਾਹ ਕੇ ਥਕਾਵਟਾਂ ਜੋ ਮੁਸਾਫ਼ਰ ਚਲੇ ਗਏ

ਕਾਵਾਂ ਦੇ ਨਾਲ ਪਿੰਡ ਦਾ ਅਸਮਾਨ ਭਰ ਗਿਆ
ਸਾਡੇ ਬਨੇਰਿਆਂ 'ਤੋਂ ਕਬੂਤਰ ਚਲੇ ਗਏ

ਜਦ ਦਰਸ਼ਕਾਂ ਦੀ ਚੁੱਪ ਦਾ ਪਾਇਆ ਗਿਆ ਨਾ ਭੇਤ
ਨਾਟਕ ਵਿਚਾਲ਼ੇ ਛੱਡ ਕੇ ਪਾਤਰ ਚਲੇ ਗਏ

ਤੇਰੀ ਹੈ ਕੀ ਔਕਾਤ ਇਸ ਫ਼ਾਨੀ ਜਹਾਨ 'ਚੋਂ
ਪੋਰਸ ਚਲੇ ਗਏ ਤੇ ਸਿਕੰਦਰ ਚਲੇ ਗਏ

ਗਰਦਨ ਉਤਾਰਨੀ ਸੀ ਤਾਂ ਪਹਿਲਾਂ ਉਤਾਰਦੇ
ਹੁਣ ਤਕ ਤਾਂ ਮੇਰੇ ਬੋਲ ਨੇ ਘਰ ਘਰ ਚਲੇ ਗਏ

ਇਸ ਪਾਟ ਚੁੱਕੀ ਜ਼ੇਬ ਵਿਚ ਪਾਉਣਾ ਵੀ ਕੀ ਸੀ ਮੈਂ
ਕੀ ਹੋ ਗਿਆ ਜੇ ਉਠ ਕੇ ਰਫ਼ੂਗਰ ਚਲੇ ਗਏ

ਜਦ ਉਹ ਖ਼ਰੀਦਦੇ ਸੀ ਤਾਂ ਵਿਕਿਆ ਨਹੀਂ ਸਾਂ ਮੈਂ
ਜਦ ਮੈਂ ਵਿਕਣ ਗਿਆ ਤਾਂ ਸੁਦਾਗਰ ਚਲੇ ਗਏ

■

ਇਸ ਨਾਮੁਰਾਦ ਮਰਜ਼ ਦਾ ਹੈ ਓੜ੍ਹ ਪੋੜ੍ਹ ਕੀ
ਉਦਰੇਵਿਆਂ ਦੇ ਦਰਦ ਦਾ ਹੁੰਦਾ ਹੈ ਤੋੜ ਕੀ

ਉਹਨਾਂ ਦੇ ਆਸ ਪਾਸ ਨੇ ਧੁਨੀਆਂ ਸੁਰੀਲੀਆਂ
ਅੱਜ ਕੱਲ੍ਹ ਮੇਰੀ ਆਵਾਜ਼ ਦੀ ਉਹਨਾਂ ਨੂੰ ਲੋੜ ਕੀ

ਜਿੰਨੇ ਕੁ ਦਾਣੇ ਕਿਰਨਗੇ ਹੋ ਜਾਣਗੇ ਹਰੇ
ਵਾਹੇ ਸੁਆਰੇ ਖੇਤ ਵਿਚ ਉੱਗਣਗੇ ਰੋੜ ਕੀ

ਐਵੇਂ ਗੁਆਚੇ ਵਕਤ ਦੀ ਲਿਖਦਾ ਰਹੇਂ ਕਥਾ
ਪੀੜਾਂ ਬਗ਼ੈਰ ਨਿਕਲਣਾ ਇਸ ਦਾ ਨਿਚੋੜ ਕੀ

ਮੇਰੀਆਂ ਸਿਆਣਪਾਂ ’ਚ ਇਜ਼ਾਫਾ ਕਮਾਲ ਦਾ
ਸਿਫ਼ਰਾਂ ’ਚ ਸਿਫ਼ਰ ਜੋੜੀਏ ਬਣਦਾ ਹੈ ਜੋੜ ਕੀ

ਇਸ ਭਟਕਦੇ ਜਨੌਰ ਨੇ ਕੱਟਣੀ ਹੈ ਸਿਰਫ਼ ਰਾਤ
ਖੰਡਰ ਕੀ, ਬੰਗਲਾ ਕੀ, ਕਿਸੇ ਰੁੱਖ ਦੀ ਖੋੜ ਕੀ

ਬੀਤ ਚੱਲੀ ਜ਼ਿੰਦਗੀ ਤਾਂ ਜ਼ਿੰਦਗੀ ਦੇ ਅਰਥ ਸਮਝੇ
ਬੁਝਦਾ ਦੀਵਾ ਦੇਖ ਕੇ ਮੈਂ ਰੌਸ਼ਨੀ ਦੇ ਅਰਥ ਸਮਝੇ

ਪੁੰਨਿਆਂ ਦੀ ਰਾਤ, ਉਸ ਵੇਲੇ ਮੈਂ ਅੰਨ੍ਹਾ ਹੋ ਗਿਆ ਸੀ
ਜਦ ਅਜੇ ਥੋੜ੍ਹੇ ਕੁ ਸੀ ਮੈਂ ਚਾਨਣੀ ਦੇ ਅਰਥ ਸਮਝੇ

ਤੂੰ ਭਲਾ ਕੀ ਸਮਝਣੀ ਹੈ ਇਸ਼ਕ ਅੰਦਰਲੀ ਫ਼ਕੀਰੀ
ਤੂੰ ਤਾਂ ਹਾਲੇ ਨਾ ਮੇਰੀ ਆਵਾਰਗੀ ਦੇ ਅਰਥ ਸਮਝੇ

ਖੋਲ੍ਹ ਕੇ ਬਾਹਾਂ ਜੋ ਬੈਠੇ ਸੀ ਉਹ ਪਿਆਰੇ ਤੁਰ ਗਏ
ਹੁਣ ਕੀ ਸਮਝੇ ਜੇ ਤੁਸੀਂ ਗਲਵੱਕੜੀ ਦੇ ਦੇ ਅਰਥ ਸਮਝੇ

ਮੈਂ ਸਾਂ ਇਕ ਗਾਫ਼ਲ ਗਵੱਈਆ ਜ਼ੰਦਗੀ ਇਕ ਰਾਗ ਸੀ
ਉਮਰ ਭਰ ਗਾ ਕੇ ਵੀ ਨਾ ਮੈਂ ਗਾਇਕੀ ਦੇ ਅਰਥ ਸਮਝੇ

ਇਸ਼ਕ ਵਿਚ ਏਹੀ ਤਾਂ ਕੀਤੈ, ਮੈਂ ਕਿਹਾ ਹੈਰਾਨ ਹੋ ਕੇ
ਜਦ ਅਚਾਨਕ ਮੈਂ ਕਿਸੇ ਤੋਂ ਬੰਦਗੀ ਦੇ ਅਰਥ ਸਮਝੇ

ਓਦਾਂ ਤਾਂ ਮੈਂ ਵੀ ਜਾਣਦਾਂ ਗ਼ਰਜ਼ਾਂ ਦੀ ਮੰਗ ਹੋਰ
ਪਰ ਹੁਣ ਉਹਦੇ ਬਗੈਰ ਵੀ ਲੰਘੇ ਨਾ ਡੰਗ ਹੋਰ

ਐਵੇਂ ਲਲਾਰੀਆਂ ਦੀਆਂ ਗੱਲਾਂ ’ਚ ਆ ਗਏ
ਘੁਲ਼ ਕੇ ਕਸੁੰਭੜੇ ’ਚ ਹੀ ਹੋਏ ਬੇਰੰਗ ਹੋਰ

ਮੱਥੇ ਦੇ ਸਾਗਰਾਂ ’ਚ ਨਾ ਹੁੰਦੀ ਮਲਾਹਗਿਰੀ
ਚੜ੍ਹਦੀ ਤਰੰਗ ਹੋਰ ਹੈ ਲਹਿੰਦੀ ਤਰੰਗ ਹੋਰ

ਪਹਿਲਾਂ ਹੀ ਬਦਨਸੀਬ ਦੀ ਮੱਧਮ ਬੜੀ ਹੈ ਲੋਅ
ਪੌਣਾਂ ਦੇ ਨਾਗ ਮਾਰਦੇ ਦੀਵੇ ਨੂੰ ਡੰਗ ਹੋਰ

ਬੁੱਤਾਂ ’ਚ ਖੋਟ ਹੋਣ ਦਾ ਲੱਗਿਆ ਨਹੀਂ ਪਤਾ
ਬਾਹਰੋਂ ਤਾਂ ਨਕਸ਼ ਹੋਰ ਸੀ ਅੰਦਰ ਕਰੰਗ ਹੋਰ

ਛੱਡ ਤਾਂ ਦਿਆਂ ਮੈਂ ਸ਼ਾਇਰੀ ਇੱਕੋ ਹੈ ਤੌਖਲਾ
ਹਰ ਅਣਕਹੇ ਖ਼ਿਆਲ ਨੇ ਕਰਨਾ ਹੈ ਤੰਗ ਹੋਰ

ਦੇਖਾਂ ਕਿਵੇਂ ਮੈਂ ਸੁਪਨਾ ਅੰਬਰੀਂ ਉਡਾਰੀਆਂ ਦਾ
ਅਗਲਾ ਸਫ਼ਰ ਹੈ ਸਾਰਾ ਖ਼ੱਜਲ਼ ਖ਼ੁਆਰੀਆਂ ਦਾ

ਜਦ ਪਿਆਰ ਦੇ ਬਰੂਟੇ ਨੂੰ ਬੂਰ ਪੈਣ ਲੱਗਾ
ਉਹ ਦੇ ਗਿਆ ਸੀ ਇਸ 'ਤੇ ਛੱਟਾ ਚਿੰਗਾਰੀਆਂ ਦਾ

ਕਾਗ਼ਜ਼ ਦੇ ਖੰਭ ਲਾ ਕੇ ਜਦ ਮੈਂ ਭਰੀ ਉਡਾਰੀ
ਇਕ ਪੂਰ ਨਾਲ਼ ਉੱਡਿਆ ਤਿੱਖੀਆਂ ਕਟਾਰੀਆਂ ਦਾ

ਕੇਵਲ ਸਫ਼ੈਦ ਛੱਡ ਕੇ ਸਭ ਰੰਗ ਖੁਰ ਗਏ ਨੇ
ਝੂਠਾ ਹੀ ਸੀ ਭਰੋਸਾ ਅੰਨ੍ਹੇ ਲਲਾਰੀਆਂ ਦਾ

ਸ਼ਾਹੀ ਚਬੂਤਰੇ 'ਤੇ ਚੜ੍ਹ-ਚੜ੍ਹ ਕੇ ਕੂਕਦੇ ਨੇ
ਕਦ ਸ਼ਬਦ ਖੌਫ਼ ਖਾਂਦੇ ਨੇ ਛਤਰ-ਧਾਰੀਆਂ ਦਾ

ਮਿਲ਼ਦੇ ਨੇ ਹੁਣ ਫ਼ਜ਼ਾ 'ਚੋਂ ਬੇਚੈਨੀਆਂ ਤੇ ਸੰਸੇ
ਕਿੱਧਰ ਚਲਾ ਗਿਆ ਹੈ ਆਲਮ ਖ਼ੁਮਾਰੀਆਂ ਦਾ

ਘਰ ਦੇ ਝਰੋਖਿਆਂ 'ਚੋਂ ਚਿੜੀਆਂ ਉਡਾ ਕੇ, ਸ਼ਾਇਰ
ਇਕ ਗੀਤ ਲਿਖ ਰਿਹਾ ਹੈ ਸੱਧਰਾਂ ਕੁਆਰੀਆਂ ਦਾ

ਅਵਾਰਾ ਖ਼ਾਬ ਮੁੜ-ਮੁੜ ਕੇ ਸਹੇੜੇ ਜਾ ਰਹੇ ਨੇ
ਹਕੀਕਤ ਵਾਸਤੇ ਤਾਂ ਬਾਰ ਭੇੜੇ ਜਾ ਰਹੇ ਨੇ

ਪਿਆਸੇ, ਪਿਆਸ ਲੈ ਕੇ ਪਰਤ ਆਏ ਨੇ ਘਰਾਂ ਨੂੰ
ਭਰੇ ਖੂਹ ਜਾਣ ਬੁਝ ਕੇ ਉਲਟ ਗੇੜੇ ਜਾ ਰਹੇ ਨੇ

ਗਲ਼ੀ ਵਿਚ ਫਿਰ ਦੁਬਾਰਾ ਛਣਕੀਆਂ ਓਹੀ ਪੰਜੇਬਾਂ
ਮੇਰੇ ਅਰਮਾਨ ਹੀ ਗਿਣ-ਮਿਥ ਕੇ ਛੇੜੇ ਜਾ ਰਹੇ ਨੇ

ਤੇਰੇ ਤੱਕ ਪਹੁੰਚ ਨਾ ਹੋਣਾ ਕਦੇ ਸਾਰੇ ਦਾ ਸਾਰਾ
ਮੇਰੀ ਰੂਹ ਦੇ ਕਈ ਹਿੱਸੇ ਨਿਖੇੜੇ ਜਾ ਰਹੇ ਨੇ

ਮੇਰੇ ਮਨ ਦੇ ਬਗੀਚੇ ਵਿਚ ਵਿਰੋਧਾਭਾਸ ਕੋਈ
ਬਹਾਰ ਆਈ ਹੈ ਪਰ ਫੁੱਲਾਂ ਤੋਂ ਖੇੜੇ ਜਾ ਰਹੇ ਨੇ

ਮਸੀਂ ਹੀ ਟੁੱਟ ਕੇ ਪੁੱਠੇ ਲਟਕਣੋਂ ਛੁੱਟੇ ਸੀ ਜਿਹੜੇ
ਉਹ ਤਾਰੇ ਫੇਰ ਅੰਬਰ 'ਤੇ ਚੰਬੇੜੇ ਜਾ ਰਹੇ ਨੇ

ਤੁਹਾਡੇ ਕੋਲ਼ ਕੁਝ ਆਖਣ ਲਈ ਬਚਿਆ ਨਹੀਂ ਜੇ
ਤਾਂ ਸਿਆਹੀ ਨਾਲ਼ ਕਿਉਂ ਵਰਕੇ ਲਿਬੇੜੇ ਜਾ ਰਹੇ ਨੇ

*ਹਰ ਵਕਤ ਇਕ ਦਲੀਲ ਦੀ ਕਰਦੇ ਜੋ ਭਾਲ਼ ਰਹਿਣ*
*ਮੇਰੇ 'ਚ ਚੁੱਪ ਤੇ ਸ਼ੋਰ ਦੋਵੇਂ ਨਾਲ਼ ਨਾਲ਼ ਰਹਿਣ*

*ਅੱਗ ਕੋਲ਼ ਜਾਂਦੇ ਸਾਰ ਹੀ ਜੰਮਦੇ ਨੇ ਬਰਫ਼ ਵਾਂਗ*
*ਉਹ ਦੂਰ ਹੋ ਕੇ ਸੇਕ ਤੋਂ ਖਾਂਦੇ ਉਬਾਲ਼ ਰਹਿਣ*

*ਡਰ ਕੇ ਮੇਰੇ ਨਗਰ 'ਚੋਂ ਪਰਿੰਦੇ ਤਾਂ ਉੱਡ ਗਏ*
*ਹੁਣ ਲੋਕ ਇਕ ਦੂਸਰੇ ਲਈ ਬੁਣਦੇ ਜਾਲ਼ ਰਹਿਣ*

*ਏਥੇ ਕੋਈ ਵੀ ਸ਼ੈਅ ਨਹੀਂ ਹੈ ਲੋੜ ਤੋਂ ਵਧੀਕ*
*ਸੁੱਚੀਆਂ ਪਰੀਤੀਆਂ ਦੇ ਤਾਂ ਅਸਲੋਂ ਹੀ ਕਾਲ਼ ਰਹਿਣ*

*ਜੇ ਇਹ ਵੀ ਖੋਹ ਲਏ ਤਾਂ ਉਹ ਜਿਊਂਦਾ ਕਿਵੇਂ ਰਹੂ*
*ਇਹ ਸੁਖਨ ਹੀ ਤਾਂ 'ਰਾਜ' ਦੇ ਬਣ ਕੇ ਭਿਆਲ਼ ਰਹਿਣ*

■

ਉਡੀਕਾਂ ਕਰਦੀਆਂ ਸ਼ਾਮਾਂ ਗ਼ਜ਼ਲ ਵਿਚ ਢਾਲ਼ਦੇ ਰਹੀਏ
ਅਸੀਂ ਸ਼ਿਅਰਾਂ 'ਚੋਂ ਅਕਸਰ ਤੁਰ ਗਿਆਂ ਨੂੰ ਭਾਲ਼ਦੇ ਰਹੀਏ

ਲਹੂ ਜਦ ਬਰਫ਼ ਬਣਦਾ ਦੇਖਿਆ ਤਾਂ ਫ਼ੈਸਲਾ ਕੀਤਾ
ਕਿ ਤਨ ਦੀ ਭੱਠ ਵਿਚ ਹੱਡਾਂ ਦਾ ਬਾਲਣ ਬਾਲ਼ਦੇ ਰਹੀਏ

ਗੁਲੇਲਾਂ ਵਿਕਦੀਆਂ ਨੇ ਹੁਣ ਤਾਂ ਇਸ ਨਗਰੀ 'ਚ ਹਰ ਪਾਸੇ
ਅਸੀਂ ਫਿਰ ਵੀ ਬਨੇਰੇ 'ਤੇ ਕਬੂਤਰ ਪਾਲ਼ਦੇ ਰਹੀਏ

ਤੁਸੀਂ ਬਣ ਕੇ ਸਿਤਾਰੇ ਹਾਲੇ ਤੀਕਰ ਵੀ ਨਹੀਂ ਚਮਕੇ
ਅਸੀਂ ਖ਼ਾਲੀ ਪਿਆ ਅਸਮਾਨ ਹੀ ਸੰਭਾਲ਼ਦੇ ਰਹੀਏ

ਲਕੀਰਾਂ ਖਿੱਚੀਏ ਤਾਂ ਖਿੱਚ ਦੇਈਏ ਏਨੀਆਂ ਪੱਕੀਆਂ
ਜਿਹਦੇ ਇਕ ਵਾਰ ਹੋ ਜਾਈਏ ਉਹਦੇ ਹੀ ਨਾਲ਼ ਦੇ ਰਹੀਏ

ਕੀ ਹੋਇਆ ਜੇ ਸਿਲਾ ਮਿਲਣਾ ਹੈ ਅਗਲੀ ਨਸਲ ਨੂੰ ਜਾ ਕੇ
ਅਸਾਡਾ ਫ਼ਰਜ਼ ਬਣਦੈ ਫਿਰ ਵੀ ਘਾਲਾਂ ਘਾਲ਼ਦੇ ਰਹੀਏ

ਮੈਂ ਨੱਕੋ-ਨੱਕ ਭਰੇ ਸਰਵਰ ਨੇ ਕੀ ਤਕਦੀਰ ਲਿਖਵਾਈ
ਕਿਸੇ ਪਿਆਸੇ ਨੇ ਮੇਰੇ ਪਾਣੀਆਂ ਵੱਲ ਝਾਤ ਨਾ ਪਾਈ

ਕੋਈ ਅਸਮਾਨ ਤੋਂ ਉੱਚਾ ਛਲਾਵਾ ਹੀ ਮਿਲੇ ਹੁਣ ਤਾਂ
ਤੇ ਮੇਰੀ ਪੀੜ ਨੂੰ ਲੱਭੇ ਸਮੁੰਦਰ ਜੇਡ ਗਹਿਰਾਈ

ਬੜਾ ਔਖਾ ਸੀ ਉਸ ਨੂੰ ਸੁਫ਼ਨਿਆਂ ਵਿਚ ਦੇਖ ਕੇ ਭੁੱਲਣਾ
ਉਹਦੀ ਜ਼ਿੱਦ ਨੇ ਮੇਰੇ ਕੋਲੋਂ ਮਸ਼ੱਕਤ ਬਹੁਤ ਕਰਵਾਈ

ਕੋਈ ਅੱਥਰਾ ਜਿਹਾ ਹੰਝੂ ਵਹਾ ਕੇ ਲੈ ਗਿਆ ਸਾਰੀ
ਮੈਂ ਜੋ ਰਸਮੀ ਜਿਹੀ ਮੁਸਕਾਨ ਸੀ ਮੁਖੜੇ 'ਤੇ ਚਿਪਕਾਈ

ਤੇਰੀ ਠੰਢੀ ਨਜ਼ਰ ਨੇ ਬਰਫ਼ ਵਾਂਗਰ ਸੀ ਜਮਾਅ ਦੇਣਾ
ਜੇ ਮੇਰੇ ਕੋਲ਼ ਨਾ ਹੁੰਦੀ ਮੇਰੇ ਸ਼ਿਅਰਾਂ ਦੀ ਗਰਮਾਈ

ਉਨ੍ਹਾਂ ਲਈ ਹੋ ਗਿਆ ਸ਼ਾਹੀ ਨਿਸ਼ਾਨਾ ਸਿੰਨ੍ਹਣਾ ਸੌਖਾ
ਮੈਂ ਸ਼ਾਇਰ ਹੋਣ ਦੀ ਤਖ਼ਤੀ ਜਦੋਂ ਦੀ ਗਲ਼ 'ਚ ਲਟਕਾਈ

ਵਿਰਾਸਤ ਪੁਰਖਿਆਂ ਦੀ ਜੇ ਅਸਾਥੋਂ ਸਾਂਭ ਨਾ ਹੋਈ
ਤਾਂ ਫਿਰ ਹੋਣਾ ਪਊ ਤਾਰੀਖ ਦੇ ਹਰ ਹਾਲ ਕਰਜ਼ਾਈ

ਮੈਨੂੰ ਹੈਰਾਨੀਆਂ ਦੇ ਸਮੁੰਦਰ ’ਚ ਲਾਹ ਗਿਆ
ਕੋਈ ਬਦੋਬਦੀ ਮੇਰੀ ਦੁਨੀਆ ’ਚ ਆ ਗਿਆ

ਮੱਥੇ ’ਚ ਦੀਪ ਬਾਲ਼ ਕੇ ਆਪਣੇ ਪਿਆਰ ਦਾ
ਉਹ ਮੈਨੂੰ ਇਕ ਤੂਫ਼ਾਨ ਦੇ ਅੱਗੇ ਬਿਠਾ ਗਿਆ

ਏਧਰ ਅਜੇ ਨਿਗਾਹਾਂ ਸੀ ਤਲਵਾਰ ਧੂੰਹਦੀਆਂ
ਓਧਰ ਕੋਈ ਤੜਫ਼ ਕੇ ਸ਼ਹੀਦੀ ਵੀ ਪਾ ਗਿਆ

ਬਸ ਛੂਹ ਲਿਆ ਸੀ ਇਕ ਮੁਸਾਫ਼ਰ ਨੇ ਪਿਆਰ ਨਾਲ਼
ਪੱਥਰ ਦਾ ਬੁੱਤ ਓਸ ਦੇ ਮਗਰੇ ਚਲਾ ਗਿਆ

ਮਰ ਮਰ ਕੇ ਜੀਣ ਦਾ ਅਜੇ ਨਾਟਕ ਪਿਆ ਸੀ ਹੋਰ
ਇਹ ਕੌਣ ਰੰਗਮੰਚ ਦਾ ਪਰਦਾ ਗਿਰਾ ਗਿਆ

ਪਾਤਰ ਤਮਾਮ ਹੱਸ ਪਏ ਮੈਨੂੰ ਪਛਾਣ ਕੇ
ਮੇਰੀ ਲਿਖੀ ਕਹਾਣੀ ਉਹ ਮੈਨੂੰ ਸੁਣਾ ਗਿਆ

ਉਹ ਜਾਣ ਲੱਗੇ ਦੇਖਦਾ ਸੀ ਬਹੁਤ ਆਸ ਨਾਲ਼
ਮੇਰੇ ਤੋਂ ਹੀ ਨਾ ਓਸ ਨੂੰ ‘ਰੁਕ ਜਾ’ ਕਿਹਾ ਗਿਆ

ਸੁੱਤਿਆਂ ਸ਼ਬਦਾਂ ਨੂੰ ਜੇ ਕੀਤਾ ਗਿਆ ਨਾ ਖ਼ਬਰਦਾਰ
ਫਿਰ ਤਾਂ ਖੰਜਰ ਉਤਰਿਆ ਲੈ ਵਰਕਿਆਂ ਦੇ ਆਰ ਪਾਰ

ਬਾਗ ਦਾ ਮਾਲੀ ਨਾ ਕਿਉਂ ਮੰਨੇ ਨਮੋਸ਼ੀ ਏਸ ਦੀ
ਟਾਹਣੀਆਂ ਤੋਂ ਚੁੱਕ ਨਾ ਹੋਵੇ ਆਪਣੇ ਫੁੱਲਾਂ ਦਾ ਭਾਰ

ਇਸ ਦੇ ਹਰ ਅਗਲੇ ਸਫ਼ੇ 'ਤੇ ਹੈ ਕਹਾਣੀ ਰਾਂਗਲੀ
ਫਿਰ ਵੀ ਪੁਸਤਕ ਜ਼ਿੰਦਗੀ ਦੀ ਹੋ ਸਕੀ ਨਾ ਰੰਗਦਾਰ

ਬੇਉਮੀਦੀ, ਬੇਯਕੀਨੀ, ਬੇਬਸੀ, ਬੇਗਾਨਗੀ
ਮੇਰੇ ਅੰਦਰ ਬਹੁਤ ਕੁਝ ਚਿਣਿਆ ਪਿਐ ਤਰਤੀਬਵਾਰ

ਸਾਡੇ ਕੋਲੋਂ ਹੀ ਰਫ਼ੂ ਹੋਈ ਨਾ ਵੇਲ਼ਾ ਰਹਿੰਦਿਆਂ
ਰਿਸ਼ਤਿਆਂ ਦੀ ਤੁੰਭ ਵਿੱਚੋਂ ਉੱਠ ਪਿਆ ਲੰਮਾ ਲੰਗਾਰ

ਇਸ ਨਗਰ ਦੀ ਹਰ ਗਲ਼ੀ ਇੱਕੋ ਹੀ ਦਰ 'ਤੇ ਪਹੁੰਚਦੀ
ਫਿਰ ਪਤਾ ਨਹੀਂ ਲੋਕ ਗਲ਼ੀਆਂ ਬਦਲਦੇ ਕਿਉਂ ਵਾਰ ਵਾਰ

ਜਿੰਨਾ ਉਸ ਦੇ ਨਾਲ਼ ਸੀ ਓਨਾ ਸਫ਼ਰ ਤਾਂ ਖ਼ੂਬ ਸੀ
ਬਾਕੀ ਸਾਰੀ ਉਮਰ ਮੈਂ ਹੁੰਦਾ ਰਿਹਾ ਖੱਜਲ-ਖ਼ੁਆਰ

ਉਹਨਾਂ ਨੇ ਤਾਂ ਸਾਜਿਸ਼ ਕਰ ਕੇ ਬੀਜੇ ਬੀਜ ਕਰੁੱਤੇ
ਫਿਰ ਵੀ ਸਿਰੜ ਦੇ ਪੱਕੇ ਬੂਟੇ ਧਰਤੀ ਚੀਰ ਕੇ ਫੁੱਟੇ

ਉਹ ਖ਼ੁਦ ਲੰਮੀ ਉਮਰ ਦੀਆਂ ਵੀ ਮੈਨੂੰ ਦੇਣ ਅਸੀਸਾਂ
ਜਿਹੜੇ ਖੰਜਰ ਰੱਖ ਕੇ ਬੈਠੇ ਮੇਰੀ ਸ਼ਾਹ-ਰਗ ਉੱਤੇ

ਡਿੱਗੇ ਟੁੱਟੇ ਖਿੱਲਰੇ ਸਾਂ ਜਦ ਫੇਰ ਪਤਾ ਇਹ ਲੱਗਾ
ਕੱਚ ਦੀ ਪੌੜੀ ਚੜ੍ਹਦੇ ਚੜ੍ਹਦੇ ਪਹੁੰਚ ਗਏ ਸਾਂ ਉੱਚੇ

ਭੁੱਖੇ ਢਿੱਡ ਜਦ ਇੱਕ ਮਛੇਰਾ ਕਿਸ਼ਤੀ ਦੇ ਵਿਚ ਮਰਿਆ
ਜਾਲ 'ਚ ਫਸੀਆਂ ਮੱਛੀਆਂ ਨੇ ਸੀ ਬੁੱਕ ਬੁੱਕ ਹੰਝੂ ਸੁੱਟੇ

ਚਿਹਰੇ ਉੱਤੋਂ ਨੂਰ ਚੁਰਾਇਆ ਮਨ 'ਚੋਂ ਬੇਪਰਵਾਹੀ
ਸ਼ੋਖ਼ ਨਜ਼ਰ ਨੇ ਰਮਤੇ ਜੋਗੀ ਸਿਖਰ ਦੁਪਹਿਰੇ ਲੁੱਟੇ

ਮਾਵਾਂ, ਛਾਵਾਂ, 'ਵਾਵਾਂ ਨੂੰ ਹੁਣ ਕਿੱਥੋਂ ਮੋੜ ਲਿਆਵਾਂ
ਕਿੰਝ ਸਮੇਂ ਦੇ ਪਹੀਏ ਨੂੰ ਹੁਣ ਗੇੜੇ ਦੇ ਦਿਆਂ ਪੁੱਠੇ

ਦੂਰੋਂ ਦੇਖ ਨਜ਼ਾਰਾ ਚਿੜੀਆਂ ਡਰਦੇ-ਡਰਦੇ ਹੱਸੀਆਂ
ਅੰਬਰੀਂ ਲੜਦੇ ਬਾਜ਼ਾਂ ਦੇ ਜਦ ਖੰਭ ਹਵਾ ਵਿਚ ਟੁੱਟੇ

ਏਥੇ ਕੌਣ  ਜਿਊਂਦਾ ਹੈ, ਵੇਲਾ ਮਹਿਜ਼ ਲੰਘਾਉਂਦੇ ਲੋਕ
ਆਪਣੇ ਮੋਢੇ 'ਤੇ ਆਪਣੀ ਅਰਥੀ ਰੋਜ਼ ਉਠਾਉਂਦੇ ਲੋਕ

ਖ਼ਬਰੇ ਉਹਨਾਂ ਦੇ ਅੰਦਰ ਕਿਹੜੇ ਪਰਬਤ ਪੰਘਰਦੇ
ਹੰਝੂਆਂ ਦੀ ਥਾਂ ਨੈਣਾਂ 'ਚੋਂ ਲਾਵਾ ਰਹਿਣ ਵਹਾਉਂਦੇ ਲੋਕ

ਮਾਣ ਜਿਹਾ ਰੱਖ ਲੈਂਦੇ ਨੇ ਕੰਨ ਪੜਵਾਈ ਫਿਰਦੇ ਦਾ
ਅਲਖ ਜਗਾਉਂਦੇ ਜੋਗੀ ਨੂੰ ਖ਼ੈਰ ਤਦੇ ਹੀ ਪਾਉਂਦੇ ਲੋਕ

ਤੁਰਦਾ ਸ਼ਾਹੀ ਰਸਤੇ 'ਤੇ ਰਾਹਬਰ ਆਪ ਗਵਾਚ ਗਿਆ
ਇਕ ਦੂਜੇ ਵੱਲ ਵੇਖਦਿਆਂ ਬੁੱਲ੍ਹਾਂ ਵਿਚ ਮੁਸਕਾਉਂਦੇ ਲੋਕ

ਰੰਗ ਬਹਾਰਾਂ ਬਰਸਾਤਾਂ ਸਭ ਕੁਝ ਹੀ ਮਸਨੂਈ ਹੈ
ਫ਼ਰਜ਼ੀ ਮੌਸਮ ਵਿਚ ਕਿੱਦਾਂ ਪਿਆਰ ਦੇ ਫੁੱਲ ਉਗਾਉਂਦੇ ਲੋਕ

ਉਹ ਤਾਂ ਆਪਣੇ ਅੰਦਰਲਾ ਦਰਦ ਹੀ ਜ਼ਾਹਰ ਕਰਦਾ ਹੈ
ਫਿਰ ਕਿਉਂ ਉਸ ਦੇ ਸ਼ਿਅਰਾਂ ਨੂੰ ਵਾਹ-ਵਾਹ ਕਹਿ ਵਡਿਆਉਂਦੇ ਲੋਕ

■

ਸੁਲਗ਼ਦਾ ਉੱਤੇ ਹੈ ਅੰਬਰ, ਹੇਠ ਰਾਹਾਂ ਧੁਖ਼ਦੀਆਂ
ਮੁੱਕ ਜਾਂਦੇ ਨੇ ਮੁਸਾਫ਼ਰ ਪਰ ਨਾ ਵਾਟਾਂ ਮੁਕਦੀਆਂ

ਇਸ ਭਿਆਨਕ ਰੁੱਤ ਨੇ ਕਰਨਾ ਹੈ ਖ਼ਬਰੇ ਹੋਰ ਕੀ
ਹੁਣ ਦਰਖ਼ਤਾਂ ਨੂੰ ਵੀ ਨਵੀਆਂ ਕੂੰਬਲਾਂ ਨਾ ਫੁਟਦੀਆਂ

ਖਾ ਲਏ ਦਰਿਆ ਤੇ ਚਸ਼ਮੇ ਬਾਹਰ ਲੱਗੀ ਔੜ ਨੇ
ਪਰ ਮੇਰੇ ਅੰਦਰਲੀਆਂ ਨਦੀਆਂ ਕਦੇ ਨਾ ਸੁਕਦੀਆਂ

ਕਿਸ ਤੋਂ ਡਰਦੇ ਲੁਕ ਗਏ ਨੇ ਵਰਕਿਆਂ ਦੀ ਓਟ ਵਿਚ
ਕਿਉਂ ਇਨ੍ਹਾਂ ਸ਼ਬਦਾਂ ਦੀਆਂ ਖ਼ਾਮੋਸ਼ੀਆਂ ਨਾ ਟੁਟਦੀਆਂ

ਜਦ ਹੀ ਖ਼ੁਸ਼ਬੋ ਪਹੁੰਚਦੀ ਹੈ ਮੇਰਿਆਂ ਸਾਹਾਂ ਦੇ ਕੋਲ਼
ਐਨ ਓਸੇ ਵਕਤ ਪੌਣਾਂ ਜਾਣ ਬੁਝ ਕੇ ਰੁਕਦੀਆਂ

ਸਭ ਦੇ ਖੰਭਾਂ 'ਚੋਂ ਮੁਹੱਬਤ ਦੇਰ ਤੱਕ ਕਿਰਦੀ ਰਹੇ
ਜੋ ਵੀ ਮੇਰੀ ਰਾਖ ਵਿੱਚੋਂ ਨ੍ਹਾਅ ਕੇ ਚਿੜੀਆਂ ਉਡਦੀਆਂ

ਹੁਣ ਤੇਰੇ ਧਰਵਾਸ ਦੀ ਵੀ ਜਾਪਦੀ ਨਾ ਲੋੜ ਮੈਨੂੰ
ਹੋਰ ਟੁੱਟ ਜਾਵਾਂ ਨਾ ਕਿਧਰੇ ਤੋੜ ਕੇ ਨਾ ਜੋੜ ਮੈਨੂੰ

ਮੇਰੇ ਅੰਦਰਲਾ ਕੋਈ ਪੱਥਰ ਨਾ ਹਿੱਲਿਆ ਸੀ ਕਦੇ ਵੀ
ਹੰਝੂਆਂ ਦੀ ਇਕ ਤਤੀਰ੍ਹੀ ਲੈ ਗਈ ਹੈ ਰੋੜ੍ਹ ਮੈਨੂੰ

ਮੁੱਦਤਾਂ ਪਹਿਲਾਂ ਕਿਤੇ ਉਸ ਨਾਲ ਸੀ ਮੈਂ ਪੀਂਘ ਝੂਟੀ
ਪਰ ਹੁਲਾਰੇ ਆ ਰਹੇ ਨੇ ਹੁਣ ਵੀ ਤਾਂਬੜਤੋੜ ਮੈਨੂੰ

ਮੈ ਮੁਕੰਮਲ ਹੋਣ ਦੇ ਲੰਮੇ ਸਫ਼ਰ ਦੇ ਨਿਕਲਿਆ ਸਾਂ
ਮਾਰ ਕੇ ਹਾਕਾਂ ਕਿਸੇ ਨੇ ਫਿਰ ਲਿਆ ਹੈ ਮੋੜ ਮੈਨੂੰ

ਸੁਫ਼ਨਿਆਂ ਦੇ ਜਾਲ਼ ਵਿਚ ਫਸ ਕੇ ਨਾ ਕਿਧਰੇ ਬੀਤ ਜਾਵਾਂ
ਇਸ ਬੇ-ਵਕਤੀ ਨੀਂਦ ’ਚੋਂ ਫੜ ਕੇ ਜ਼ਰਾ ਝੰਜੋੜ ਮੈਨੂੰ

ਜ਼ਿੰਦਗੀ ’ਚੋਂ ਉਹ ਗੁਆਚੇ ਸਾਲ ਹੀ ਮੁੜ ਕੇ ਨਹੀਂ ਲੱਭੇ
ਉਂਞ ਕਿਸੇ ਵੀ ਚੀਜ਼ ਦੀ ਆਈ ਕਦੇ ਨਾ ਥੋੜ੍ਹ ਮੈਨੂੰ

■

ਜਿਸਮਾਂ ਦੇ ਹਾਸ਼ੀਏ ਤੋਂ ਅੱਗੇ ਵਿਕਾਸ ਕਰੀਏ
ਚੱਲ ਮਹਿਕ ਬਣ ਕੇ ਆਪਾਂ ਪੌਣਾਂ 'ਚ ਵਾਸ ਕਰੀਏ

ਹਉਮੈ ਤੋਂ ਪਾਰ ਜਾ ਕੇ ਤੱਕੀਏ ਇਹ ਸਭ ਖਲਾਰਾ
ਇਸ ਆਮ ਸਿਲਸਿਲੇ ਦੇ ਕੁਝ ਪਲ ਤਾਂ ਖ਼ਾਸ ਕਰੀਏ

ਕਾਲ਼ਖ ਦੇ ਵੇਸ ਅੰਦਰ ਚਾਨਣ ਲੁਕੋ ਕੇ ਬੈਠੀ
ਇਸ ਰਾਤ ਮੀਸਣੀ ਨੂੰ ਹੁਣ ਬੇਲਿਬਾਸ ਕਰੀਏ

ਜਾਂ ਤਾਂ ਨਦੀ ਨੂੰ ਥਲ ਤੋਂ ਕਰ ਦੇਈਏ ਦੂਰ ਕਿਧਰੇ
ਜਾਂ ਫੇਰ ਮੁਲਤਵੀ ਹੁਣ ਆਪਣੀ ਇਹ ਪਿਆਸ ਕਰੀਏ

ਇਸ ਨੇ ਪਛਾਣ ਅਪਣੀ ਆਪੇ ਤਲਾਸ਼ ਲੈਣੀ
ਆਉਂਦੀ ਨਸਲ ਤੋਂ ਆਪਾਂ ਏਨੀ ਤਾਂ ਆਸ ਕਰੀਏ

ਕੋਈ ਖ਼ਿਆਲ ਬਣ ਕੇ ਆ ਜਾ ਤੂੰ ਜ਼ਿਹਨ ਅੰਦਰ
ਰਲ਼ ਕੇ ਨਵੀਂ ਗ਼ਜ਼ਲ ਦਾ ਮਤਲਾ ਕਿਆਸ ਕਰੀਏ

ਤੂੰ ਲਾਟਾਂ 'ਤੇ ਲਿਖੇ ਸ਼ਬਦਾਂ ਨੂੰ ਰੀਝਾਂ ਨਾਲ ਪੜ੍ਹਿਆ ਕਰ
ਜੇ ਧੂਣੀ ਸੇਕਣੀ ਤਾਂ ਫੇਰ ਧੂੰਏਂ ਤੋਂ ਨਾ ਡਰਿਆ ਕਰ

ਤਸੀਹੇ ਸਹਿੰਦਿਆਂ ਗੁਜ਼ਰੀ ਤਾਂ ਕਾਹਦੀ ਜ਼ਿੰਦਗੀ ਗੁਜ਼ਰੀ
ਚਲੋ ਜੇ ਜੀ ਨਹੀਂ ਹੁੰਦਾ ਤਾਂ ਕਿਸ਼ਤਾਂ ਵਿਚ ਨਾ ਮਰਿਆ ਕਰ

ਓ ਭਲਿਆ ਤੂੰ ਤਾਂ ਖ਼ੁਦ ਹੀ ਪੰਜ ਤੱਤਾਂ ਦਾ ਹੈਂ ਕਰਜ਼ਾਈ
ਕਿ ਦਾਨੀ ਹੋਣ ਦਾ ਦਾਅਵਾ ਨਾ ਐਵੇਂ ਰੋਜ਼ ਕਰਿਆ ਕਰ

ਸਮੇਂ ਦੇ ਨਾਲ਼ ਸੱਚ ਤੇ ਝੂਠ ਆਪਣੀ ਥਾਂ ਬਦਲਦੇ ਨੇ
ਤੂੰ ਆਪਣੇ ਪੁਰਖਿਆਂ ਦੇ ਸਿਰ ਨਾ ਐਵੇਂ ਦੋਸ਼ ਮੜ੍ਹਿਆ ਕਰ

ਤੇਰੀ ਔਕਾਤ ਇਕ ਬਿੰਦੂ ਦੇ ਨਾਲੋਂ ਵੀ ਨਿਗੂਣੀ ਹੈ
ਦੁਮੇਲੋਂ ਪਾਰ ਦੇਖਣ ਦੀ ਕਦੇ ਕੋਸ਼ਿਸ਼ ਤਾਂ ਕਰਿਆ ਕਰ

ਕਿਸੇ ਦਿਨ ਪਾ ਲਵੇਂਗਾ ਤੂੰ ਵੀ ਸਿਰਜਣਹਾਰ ਦਾ ਰੁਤਬਾ
ਇਹ ਇੱਛਾ ਪਾਲ ਕੇ ਨਾ ਪਰ ਗ਼ਜ਼ਲ ਦੇ ਨਕਸ਼ ਘੜਿਆ ਕਰ

ਸਾਰਾ ਕਸੂਰ ਸੀ ਉਹਦੇ ਚਿਹਰੇ ਦੇ ਨੂਰ ਦਾ
ਐਵੇਂ ਤਮਾਸ਼ਾ ਬਣ ਗਿਆ ਦਿਲ ਬੇਕਸੂਰ ਦਾ

ਓਧਰ ਉਡੀਕਦਾ ਕੋਈ ਦਰਿਆ 'ਚ ਹਾਦਸਾ
ਏਧਰ ਮਲਾਹ ਨੂੰ ਫ਼ਿਕਰ ਹੈ ਬੇੜੀ ਦੇ ਪੂਰ ਦਾ

ਕੋਇਲ ਦੀ ਮਿੱਠੀ ਕੂਕ ਸੀ, ਉਹ ਵੀ ਨਹੀਂ ਰਹੀ
ਮੌਸਮ ਵੀ ਆ ਕੇ ਤੁਰ ਗਿਆ ਅੰਬਾਂ 'ਤੇ ਬੂਰ ਦਾ

ਜਿਸਮਾਂ ਦੇ ਇਸ ਮਿਲਾਪ ਤੋਂ ਕੀ ਭਾਲੀਏ ਖ਼ੁਸ਼ੀ
ਰੂਹਾਂ ਦੇ ਦਰਮਿਆਨ ਤਾਂ ਪੈਂਡਾ ਹੈ ਦੂਰ ਦਾ

ਤਿਤਲੀ ਅਖੀਰ ਹੋਰ ਥਾਂ ਜਾ ਕੇ ਹੈ ਬਹਿ ਗਈ
ਮਿਲਣਾ ਸੀ ਇਹੋ ਹੀ ਸਿਲਾ ਫੁੱਲ ਨੂੰ ਗਰੂਰ ਦਾ

ਲੰਮੀ ਸਜ਼ਾ ਉਹ ਭੁਗਤ ਕੇ ਵਾਪਸ ਤਾਂ ਆ ਗਿਐ
ਐਪਰ ਪਤਾ ਨਾ ਰਾਜ ਨੂੰ ਆਪਣੇ ਕਸੂਰ ਦਾ

■

ਬੁੱਤ ਬਣ ਚੁੱਕੇ ਜਿਸਮਾਂ ਦੇ ਪਰਛਾਵੇਂ ਨੱਠੇ ਫਿਰਦੇ ਨੇ
ਅੱਜਕਲ ਅਪਣੇ ਚਾਨਣ ਤੋਂ ਹੀ ਸੂਰਜ ਅੱਕੇ ਫਿਰਦੇ ਨੇ

ਚੋਗੇ ਅੰਦਰ ਹੀ ਮਜ਼੍ਹਬਾਂ ਦਾ ਦਾਣਾ ਕੌਣ ਰਲ਼ਾ ਦਿੰਦਾ
ਪੰਛੀ ਉੱਡ ਕੇ ਮੌਲਸਰੀ ਤੋਂ ਕਾਸ਼ੀ ਮੱਕੇ ਫਿਰਦੇ ਨੇ

ਏਧਰ ਮੁਕਤੀ ਦਾ ਰਸਤਾ ਬਾਜ਼ਾਰ 'ਚ ਆ ਕੇ ਮੁੱਕ ਗਿਆ
ਓਧਰ ਅਕਲ ਵਿਹੂਣੇ ਰਾਹਬਰ ਲੀਹੋਂ ਲੱਥੇ ਫਿਰਦੇ ਨੇ

ਜਿਸ ਨਗਰੀ ਵਿਚ ਘੁੰਮਦੇ ਰਹਿੰਦੇ ਲਸ਼ਕਰ ਹੁਣ ਹਥਿਆਰਾਂ ਦੇ
ਓਸ ਦੀਆਂ ਜੂਹਾਂ ਦੇ ਅੰਦਰ ਸ਼ਬਦ ਨਿਹੱਥੇ ਫਿਰਦੇ ਨੇ

ਲਗਦਾ ਸੀ ਪਾਗਲ ਅਖਵਾ ਕੇ ਹੀ ਸ਼ਾਇਦ ਬਚ ਜਾਵਾਂ ਮੈਂ
ਪਰ ਹੁਣ ਲੋਕੀ ਹੱਥਾਂ ਦੇ ਵਿਚ ਲੈ ਕੇ ਵੱਟੇ ਫਿਰਦੇ ਨੇ

ਮੇਰੀ ਰੂਹ ਨੂੰ ਚੜ੍ਹਨਾ ਜਿਸ ਨੇ, ਹਾਲੇ ਤਕ ਉਹ ਮਿਲਿਆ ਨਹੀਂ
ਉਂਝ ਤਾਂ ਏਥੇ ਰੰਗ ਬਥੇਰੇ ਕੱਚੇ-ਪੱਕੇ ਫਿਰਦੇ ਨੇ

ਭਲਾ ਕੀ ਬੰਸੀਆਂ, ਸਾਰੰਗੀਆਂ, ਇਕਤਾਰਿਆਂ ’ਤੇ ਰੋਸ
ਨਾ ਕਰ ਸਾਜ਼ਿੰਦਿਆਂ ਦੀ ਥਾਂ ਇਨ੍ਹਾਂ ਬੇਚਾਰਿਆਂ ’ਤੇ ਰੋਸ

ਉਹ ਜੋਗੀ ਫੜ ਕੇ ਸਾਨੂੰ ਹੀ ਪਟਾਰੀ ਪਾਉਣ ਲਗ ਪੈਂਦਾ
ਅਸੀਂ ਕਰੀਏ ਜਦੋਂ ਨਾਗਾਂ ਦਿਆਂ ਫੁੰਕਾਰਿਆਂ ’ਤੇ ਰੋਸ

ਤੁਸੀਂ ਕਿਉਂ ਦਿੱਤੀਆਂ ਮੈਨੂੰ ਇਹ ਟੁੱਟਣ-ਹਾਰੀਆਂ ਵੰਗਾਂ
ਉਹ ਸਾਰੀ ਉਮਰ ਹੀ ਕਰਦੀ ਰਹੀ ਵਣਜਾਰਿਆਂ ’ਤੇ ਰੋਸ

ਤੁਹਾਡੀ ਆਪਣੀ ਗਰਦਨ ਕਿਸੇ ਦਿਨ ਕਲਮ ਹੋ ਜਾਣੀ
ਤੁਸੀਂ ਕੀਤਾ ਨਾ ਜੇ ਕਲਮਾਂ ਦਿਆਂ ਹਤਿਆਰਿਆਂ ’ਤੇ ਰੋਸ

ਸਰੀਰੋਂ ਮਰ ਗਏ ਭਾਵੇਂ ਜ਼ਮੀਰੋਂ ਹੁਣ ਵੀ ਜਿਉਂਦੇ ਨੇ
ਜਿਹਨਾਂ ਲੋਕਾਂ ਨੇ ਕੀਤਾ ਸੀ ਗ਼ਲਤ ਵਰਤਾਰਿਆਂ ’ਤੇ ਰੋਸ

ਉਨ੍ਹਾਂ ਨੂੰ ਜਾਲ਼ ਕੁਤਰਨ ਦਾ ਤਰੀਕਾ ਸਿੱਖਣਾ ਪੈਣਾ
ਕਿ ਮੱਛੀਆਂ ਨੇ ਬਥੇਰਾ ਕਰ ਲਿਆ ਮਛਿਆਰਿਆਂ ’ਤੇ ਰੋਸ

ਸੁਣ ਆਲ੍ਹਣੇ 'ਚ ਸੁੱਤਿਆ ਅਲਗਰਜ਼ ਪੰਛੀਆ
ਤੈਨੂੰ ਹੀ ਟੋਲਦਾ ਹੈ ਸ਼ਿਕਾਰੀ ਦਾ ਗੋਪੀਆ

ਚਿਰ ਤੋਂ ਹਵਾ 'ਚ ਲਟਕਦੇ ਕੁਝ ਸ਼ਬਦ ਅਣਲਿਖੇ
ਕਿਸ ਨੇ ਸਫ਼ੇ 'ਤੇ ਸਿਰਜਿਆ ਹੈ ਗੁਪਤ ਹਾਸ਼ੀਆ

ਰਾਹਾਂ 'ਤੇ ਤੋਰਦਾ ਹੈ ਜਾਂ ਰਾਹਾਂ 'ਚੋਂ ਮੋੜਦਾ
ਕਿੰਨਾ ਕਠਨ ਹੈ ਸਮਝਣਾ ਰਾਹਬਰ ਦਾ ਜਾਵੀਆ

ਚੱਲ ਨੇਕਨਾਮੀਆਂ ਦੀ ਥਾਂ ਬਦਨਾਮੀਆਂ ਸਹੀ
ਮਸ਼ਹੂਰ ਕਰਨ ਵਾਲਿਆਂ ਦਾ ਬਹੁਤ ਸ਼ੁਕਰੀਆ

ਥੋੜੇ ਦਿਨਾਂ 'ਚ ਗੁੰਮ ਹੋ ਗਈਆਂ ਨੇ ਕਿੰਨੀਆਂ
ਭੇਡਾਂ ਦੇ ਝੁੰਡ 'ਚ ਹੀ ਕੋਈ ਲੁਕਿਆ ਹੈ ਭੇੜੀਆ

ਪਾਉਂਦਾ ਹੈ ਜੋ ਵੀ ਖ਼ੈਰ, ਓਹੀ ਮਗਰ ਤੁਰ ਪਵੇ
ਮੁਖੜੇ 'ਤੇ ਏਨਾ ਤੇਜ ਵੀ ਹੋਵੇ ਨਾ ਜੋਗੀਆ

ਜੰਗਲ ਹਰੇ ਕਚੂਰ ਤੇ ਨਦੀਆਂ ਨੇ ਨੀਲੀਆਂ
ਰੰਗੀ ਇਹ ਕਾਇਨਾਤ ਤੂੰ ਕਿੱਦਾਂ ਲਲਾਰੀਆ

■

ਝਿਲਮਿਲ ਸਿਤਾਰਿਆਂ ਦੀ ਇਹ ਟੁੱਟਦੀ ਨਹੀਂ ਲੜੀ
ਦਿਲ ਵਿਚ ਹਮੇਸ਼ਾ ਚੱਲਦੀ ਯਾਦਾਂ ਦੀ ਫੁਲਝੜੀ

ਨੀਂਦਾਂ ਦਾ ਅਰਘ ਚਾੜ੍ਹ ਕੇ ਕੀਤੀ ਮੈਂ ਅਰਚਨਾ
ਪੱਥਰ ਦੀ ਦੇਵੀ ਆਪਣੀ ਜ਼ਿੱਦ 'ਤੇ ਰਹੀ ਅੜੀ

ਪਹਿਲਾਂ ਨਜ਼ਰ ਸੀ ਜਾ ਲੜੀ ਪਰਦੇਸੀਆਂ ਦੇ ਨਾਲ਼
ਹੁਣ ਕਿਉਂ ਦਰਾਂ ਦੇ ਵੱਲ ਹੈ ਉੱਠਦੀ ਘੜੀ ਘੜੀ

ਦੀਵਾ ਜਗੇ ਤਾਂ ਸੇਕ ਹੈ, ਦੀਵਾ ਬੁਝੇ ਤਾਂ 'ਨ੍ਹੇਰ
ਇਕ ਕਸ਼ਮਕਸ਼ ਦੇ ਰੂਬਰੂ ਹੈ ਜ਼ਿੰਦਗੀ ਖੜ੍ਹੀ

ਨੈਣਾਂ 'ਚੋਂ ਵਰਨ ਵਾਲੀਆਂ ਕਣੀਆਂ ਨੂੰ ਕਰ ਸਲਾਮ
ਦਿਲ ਦੇ ਸਿਆੜ ਸਿੰਜਦੀ ਨਾ ਸਾਉਣ ਦੀ ਝੜੀ

ਮੌਸਮ ਦੀ ਸਹਿਮਤੀ ਬਿਨਾ ਕਿਉਂ ਬਦਲਦੀ ਦਿਸ਼ਾ
ਖੋਲ੍ਹੋ ਹਵਾ ਦੇ ਵਾਸਤੇ ਵੀ ਕਾਲ ਕੋਠੜੀ

ਛੇਤੀ ਹੀ ਉਸ ਦੀ ਭੰਗ ਹੋ ਜਾਣੀ ਤਪੱਸਿਆ
ਰਿਸ਼ੀਆਂ ਜਹੇ ਦਰਖ਼ਤ 'ਤੇ ਇਕ ਵੇਲ ਜਾ ਚੜ੍ਹੀ

ਲੈ ਜਾ ਉਠਾ ਕੇ ਛਣਕਦੇ ਸਿੱਕਿਆਂ ਦੀ ਪੰਡ ਤੂੰ
ਤੇ ਮੇਰੇ ਸਿਰ 'ਤੇ ਰਹਿਣ ਦੇ ਸ਼ਬਦਾਂ ਦੀ ਗੰਠੜੀ

■

ਮੁਖੜਾ ਉਹੀ ਹੈ ਫੇਰ ਵੀ ਅਹਿਸਾਸ ਓਪਰੇ
ਕਿਸ ਨੇ ਅਸਾਡੇ ਗੀਤ ਦੇ ਬਦਲੇ ਨੇ ਅੰਤਰੇ

ਧਰਤੀ ਨੂੰ ਚੜ੍ਹਿਆ ਤਾਪ ਤੇ ਲਗਦੈ ਜੜ੍ਹਾਂ ਨੂੰ ਸੇਕ
ਅੰਬਰ 'ਚ ਜਾਣਾ ਸੋਚਦੇ ਜੰਗਲ਼ ਹਰੇ ਭਰੇ

ਪਿੰਡ ਦੀ ਹਵਾ ਨੇ ਖ਼ਾਬ ਵਿਚ ਮੈਨੂੰ ਸੀ ਦੱਸਿਆ
ਇਕ ਮਾਂ ਬਿਨਾ ਮੇਰੇ ਲਈ ਕੋਈ ਨਾ ਓਦਰੇ

ਆਏ ਨਿਲਾਮ ਹੋਣ ਨੂੰ ਸ਼ਾਹਕਾਰ ਸੀ ਕਈ
ਖੋਟੇ ਤਾਂ ਸਾਰੇ ਵਿਕ ਗਏ, ਵਿਕ ਨਾ ਸਕੇ ਖਰੇ

ਕੱਲ੍ਹ ਤੀਕ ਸਿਰਫ਼ ਬੰਸਰੀ ਦਾ ਕਦਰਦਾਨ ਸੀ
ਅੱਜ ਉਹ ਕਿਸੇ ਸਿਤਾਰ ਤੋਂ ਲੈਂਦਾ ਹੈ ਮਸ਼ਵਰੇ

ਸਿਰਲੱਥ ਸੂਰਿਆਂ ਦੀ ਤਾਂ ਹੁੰਦੀ ਨੁਹਾਰ ਹੋਰ
ਪਰ ਬੁਜ਼ਦਿਲਾਂ ਦੇ ਹੋਰ ਹੁੰਦੇ ਨੇ ਮੁਹਾਂਦਰੇ

■

ਅੰਬਰ ਦੇ ਸੀਨੇ 'ਤੇ ਪੌਣਾਂ ਜਿਹੜੇ ਅੱਖਰ ਪਾਏ ਸੀ
ਉਹਨਾਂ ਨੇ ਆਵਾਜ਼ਾਂ ਬਣ ਕੇ ਆਖ਼ਰ ਯੁੱਗ ਪਲਟਾਏ ਸੀ

ਨੈਣਾਂ ਵਿਚਲੀ ਪਹਿਲੀ ਬਾਰਸ਼ ਹੀ ਉਹਨਾਂ ਨੂੰ ਖੋਰ ਗਈ
ਪਲਕਾਂ ਉੱਤੇ ਮੈਂ ਜੋ ਆਪਣੇ ਸੁਫ਼ਨੇ ਸੁੱਕਣੇ ਪਾਏ ਸੀ

ਲੋਕੀ ਤੇਲ ਚੁਆਉਂਦੇ ਨੇ ਮੈਂ ਆਪਣਾ ਖ਼ੂਨ ਚੁਆ ਦਿੱਤਾ
ਮੇਰੀ ਦੇਹਲ਼ੀ ਉੱਤੇ ਜਿੱਦਣ ਸ਼ਬਦ ਪ੍ਰਾਹੁਣੇ ਆਏ ਸੀ

ਜਿੱਥੇ ਤਰਿਆ ਸੀ ਇਕ ਪੱਥਰ ਓਥੇ ਲੱਕੜ ਡੁੱਬ ਗਈ
ਭਵਜਲ ਅੰਦਰ ਭਵਖੰਡਣ ਨੇ ਕੀ ਕੀ ਚੋਜ ਦਿਖਾਏ ਸੀ

ਜੰਗਲ਼ ਦਾ ਹਰ ਇੱਕ ਪਰਿੰਦਾ ਕਰਦਾ ਸ਼ੱਕ ਵਿਚਾਰੀ 'ਤੇ
ਬੁਲਬੁਲ ਨੇ ਤਾਂ ਅੱਗ ਦੇ ਵਿੱਚੋਂ ਕਾਂ ਦੇ ਬੋਟ ਬਚਾਏ ਸੀ

ਉਸ ਮਕਤਲ ਨੂੰ ਸੁਫ਼ਨੇ ਵਿਚ ਵੀ ਦੇਖ ਕੇ ਹਾਕਮ ਡਰ ਜਾਂਦਾ
ਕੱਟੀਆਂ ਜੀਭਾਂ ਨੇ ਵੀ ਜਿੱਥੇ ਬਾਗ਼ੀ ਗੀਤ ਸੁਣਾਏ ਸੀ

ਜੇ ਤੇਰੀ ਥਾਂ 'ਤੇ ਉਸ ਖ਼ਾਤਰ ਮੈਂ ਏਨਾ ਤੜਫਿਆ ਹੁੰਦਾ
ਤਾਂ ਰੱਬ ਵੀ ਹਾਰ ਕੇ ਹੁਣ ਤੀਕ ਮੇਰਾ ਹੋ ਗਿਆ ਹੁੰਦਾ

ਪੁਆ ਲਈ ਆਪ ਹੀ ਰਾਤਾਂ ਨੂੰ ਤਾਰੇ ਗਿਣਨ ਦੀ ਆਦਤ
ਕਿਸੇ ਨੇ ਕਾਸ਼ ਮੈਨੂੰ ਪਿਆਰ ਕਰਨੋਂ ਵਰਜਿਆ ਹੁੰਦਾ

ਉਹਨੇ ਵੀ ਆ ਕੇ ਵਰ੍ਹ ਜਾਣਾ ਸੀ ਮੇਰੇ ਮਨ ਦੇ ਬੰਜਰ 'ਤੇ
ਘਟਾ ਸਾਹਵੇਂ ਜੇ ਮੈਂ ਵੀ ਮੋਰ ਵਾਂਗੂੰ ਨੱਚਿਆ ਹੁੰਦਾ

ਮੇਰੇ ਹੱਥਾਂ 'ਚ ਲੋਹਾ ਵੀ ਸੀ, ਪਾਰਸ ਵੀ ਸੀ, ਜਿਸ ਵੇਲੇ
ਕਿਤੇ ਉਸ ਵਕਤ ਇਕ ਦੂਜੇ ਨੂੰ ਦੋਹਾਂ ਛੋਹ ਲਿਆ ਹੁੰਦਾ

ਜੇ ਘਰ ਨੂੰ ਮਾਰ ਕੇ ਜੰਦਰਾ ਨਾ ਵਤਨੋਂ ਬੇਵਤਨ ਹੁੰਦੇ
ਤਾਂ ਉਸ ਘਰ ਤੋਂ ਕੋਈ ਫ਼ੱਕਰ ਨਾ ਖ਼ਾਲੀ ਪਰਤਿਆ ਹੁੰਦਾ

ਕਿਸੇ ਭੁੱਖੇ ਨੂੰ ਅੰਨ ਦੇਣਾ ਮੇਰੀ ਆਦਤ ਦਾ ਹਿੱਸਾ ਸੀ
ਕਿਤੇ ਮੈਂ ਖ਼ੁਦ ਲਈ ਵੀ ਇਕ ਨਿਵਾਲਾ ਰੱਖਿਆ ਹੁੰਦਾ

ਆਪਣੇ ਅੰਦਰਲਾ ਮੋਮਨ ਆਪ ਕਾਫ਼ਰ ਕਰ ਲਵਾਂ
ਜਦ ਖ਼ੁਦਾ ਦੀ ਥਾਂ 'ਤੇ ਮੈਂ ਤੇਰਾ ਤਸੱਵਰ ਕਰ ਲਵਾਂ

ਤਾਲ ਮਿਲ ਜਾਵੇ ਜੇ ਰੀਝਾਂ ਮੇਰੀਆਂ ਦੇ ਹਾਣ ਦੀ
ਅੰਬਰਾਂ ਦੀ ਪੀਂਘ ਪੈਰੀਂ ਪਾ ਕੇ ਝਾਂਜਰ ਕਰ ਲਵਾਂ

ਓਸ ਦੀਵੇ ਨੇ ਮੇਰਾ ਸੰਸਾਰ ਕਰ ਦਿੱਤਾ ਸੁਆਹ
ਸੋਚਿਆ ਜਿਸ ਨਾਲ਼ ਸੀ ਮੈਂ ਘਰ ਮੁਨੱਵਰ ਕਰ ਲਵਾਂ

ਇਸ ਤਰ੍ਹਾਂ ਆਸਾਨ ਹੋ ਜਾਵੇਗਾ ਤੈਨੂੰ ਭੁੱਲਣਾ
ਜੇ ਮੈਂ ਜੇਰਾ ਆਪਣਾ ਤੇਰੇ ਬਰਾਬਰ ਕਰ ਲਵਾਂ

ਜਿਸ ਦਿਆਂ ਰੰਗਾਂ 'ਚ ਮੇਰੇ ਖ਼ਾਬ ਦੀ ਤਾਬੀਰ ਹੈ
ਕਿਉਂ ਨਾ ਓਸੇ ਹੀ ਮੁਸੱਵਰ ਨੂੰ ਮੈਂ ਦਿਲਬਰ ਕਰ ਲਵਾਂ?

ਹੁਣ ਢਕੀ ਜਾਵੇ ਨਾ ਮੇਰੇ ਵਸਤਰਾਂ ਤੋਂ ਨਗਨਤਾ
ਓੜ੍ਹ ਕੇ ਧਰਤੀ ਬਦਨ 'ਤੇ, ਸਿਰ 'ਤੇ ਅੰਬਰ ਕਰ ਲਵਾਂ

ਓਸ ਨੇ ਮੋਤੀ ਚੁਗੇ ਤੇ ਮੈਂ ਸੀ ਕੰਕਰ ਚੁਗ ਲਏ
ਉਸ ਦੀਆਂ ਤੇ ਮੇਰੀਆਂ ਰੀਝਾਂ 'ਚ ਅੰਤਰ ਕਰ ਲਵਾਂ

■

ਫਿਰ ਤਾਂ ਉਸ ਦੀ ਰੌਸ਼ਨੀ ਸਾਰੀ ਲੋਕਾਈ ਮਾਣਦੀ
ਜੇ ਕਿਤੇ ਦੀਵੇ ਨੂੰ ਬੱਤੀ ਲੱਭ ਪੈਂਦੀ ਹਾਣ ਦੀ

ਕਿਉਂ ਬਿਨਾ ਪੁੱਛੇ ਹੀ ਨਦੀਆਂ ਕਰਦੀਆਂ ਨੇ ਗੁਫ਼ਤਗੂ
ਸਾਗਰਾਂ ਨੂੰ ਫ਼ਿਕਰ ਪੈ ਗਈ ਆਪਣੀ ਪਹਿਚਾਣ ਦੀ

ਗੁੰਮੀਆਂ ਚਿੜੀਆਂ ਦਾ ਰੱਤ ਲੱਗਾ ਹੈ ਤੇਰੀ ਚੁੰਝ ’ਤੇ
ਸ਼ਿਕਰਿਆ, ਪ੍ਰਤੱਖ ਨੂੰ ਹੁਣ ਲੋੜ ਕੀ ਪਰਮਾਣ ਦੀ

ਜੋ ਤੇਜ਼ਾਬੀ ਬਾਰਸ਼ਾਂ ਵਿੱਚੋਂ ਵੀ ਅੰਮਰਿਤ ਪੁਣ ਲਵੇ
ਏਨੀ ਸਿਆਣੀ ਨਾ ਅਜੇ ਹੋਈ ਫ਼ਸਲ ਕਿਰਸਾਣ ਦੀ

ਬਾਹਰਲੀ ਧੁੱਪ ਜਦ ਸ਼ੁਰੂ ਕਰਦੀ ਹੈ ਮੈਨੂੰ ਸਾੜਨਾ
ਘਰ ’ਚੋਂ ਇਕ ਬੱਦਲ਼ੀ ਮੇਰੇ ਸਿਰ ’ਤੇ ਚੰਦੋਆ ਤਾਣਦੀ

ਜੇ ਤੂੰ ਮੇਰੀ ਭਟਕਣਾ ਦੇ ਹਰ ਅਵਾਰਾ ਮੋੜ ’ਤੇ
ਇਸ ਤਰ੍ਹਾਂ ਮਿਲਦਾ ਰਹੇਂ ਤਾਂ ਲੋੜ ਨਾ ਨਿਰਵਾਣ ਦੀ

ਸੜਦੀ ਬਲ਼ਦੀ ਧਰਤੀ ਵਿੱਚੋਂ ਫ਼ਸਲਾਂ ਉੱਗਣ ਅੱਗ ਦੀਆਂ
ਚਿਣਗਾਂ ਚੁਗ ਚੁਗ ਕਰਨ ਗੁਜ਼ਾਰਾ ਚਿੜੀਆਂ ਚੋਗਾ ਲੱਭਦੀਆਂ

ਏਧਰ ਬੇੜੀ ਡੁੱਬਣ ਲੱਗਿਆਂ ਚੀਕ ਰਹੇ ਅਸਵਾਰ ਬੜੇ
ਓਧਰ ਗਹਿਰੇ ਪਾਣੀ 'ਚੋਂ ਵੀ ਮੱਛੀਆਂ ਅੱਖਾਂ ਕੱਢਦੀਆਂ

ਭੀੜ 'ਚ ਦਿਸਦੇ ਸ਼ਮਲੇ ਦੀ ਫਿਰ ਸ਼ਾਨ ਅਨੋਖੀ ਹੋਣੀ ਸੀ
ਜੇ ਦਸਤਾਰਾਂ ਬੇਸਿਰਿਆਂ ਦੇ ਸਿਰ ਉੱਤੇ ਨਾ ਬੱਝਦੀਆਂ

ਪਿੰਡ ਦੇ ਕੱਚੇ ਰਾਹ, ਰਾਹੀਆਂ ਨੂੰ ਹੱਥੀਂ ਛਾਵਾਂ ਕਰਦੇ ਸੀ
ਸ਼ਹਿਰ ਦੀਆਂ ਇਹ ਸੜਕਾਂ ਤਾਂ ਨਾ ਬੰਦੇ ਖਾ-ਖਾ ਰੱਜਦੀਆਂ

ਉਹਨਾਂ ਗ਼ਜ਼ਲਾਂ ਨਾਲ਼ ਵੀ ਮੇਰੀ ਰੂਹ ਦੀ ਰਿਸ਼ਤੇਦਾਰੀ ਹੈ
ਬਾਹਰੋਂ ਖ਼ੂਬ ਪਲ਼ੋਸਦੀਆਂ ਜੋ ਅੰਦਰੋਂ ਮੈਨੂੰ ਵੱਢਦੀਆਂ

ਬੁੱਤ ਦਿਆਂ ਦਰਦਾਂ ਨੂੰ ਰਾਤੀਂ ਬੁੱਤ-ਘਾੜਾ ਵੀ ਸਹਿੰਦਾ ਹੈ
ਉਸ ਦੀ ਨੀਂਦ 'ਚ ਰੋਜ਼ ਛੈਣੀਆਂ ਸੀਨੇ ਉੱਤੇ ਵੱਜਦੀਆਂ

ਇਕ ਜੀਅ ਕਰਦਾ ਫੁੱਲ ਬਣ ਜਾਵਾਂ ਫਿਰ ਇਕ ਗੱਲੋਂ ਡਰ ਜਾਨਾਂ
ਰਾਜ ਤਿਤਲੀਆਂ ਅੱਜਕਲ੍ਹ ਖਿੜਿਆਂ ਫੁੱਲਾਂ ਨੂੰ ਨਾ ਛੱਡਦੀਆਂ

ਸ਼ਾਮ ਢਲ਼ਦੇ ਸਾਰ ਹੀ ਹੋ ਜਾਣ ਪਲਕਾਂ ਭਾਰੀਆਂ
ਫੇਰ ਉਛਲਣ ਲਗਦੀਆਂ ਨੈਣਾਂ 'ਚੋਂ ਨਦੀਆਂ ਖਾਰੀਆਂ

ਲੈ ਲਵਾਂ ਲਾਹਾ ਇਨ੍ਹਾਂ ਦਾ ਫਿਰ ਕਿਤੇ ਸੁੱਕ ਹੀ ਨਾ ਜਾਣ
ਕਿਉਂ ਨਾ ਮੈਂ ਹੰਝੂਆਂ 'ਚ ਯਾਦਾਂ ਰੋੜ ਦੇਵਾਂ ਸਾਰੀਆਂ

ਦੋਸਤਾਂ ਦੇ ਦਿੱਤਿਆਂ ਜ਼ਖ਼ਮਾਂ 'ਚੋਂ ਘਟਦੀ ਨਾ ਸੀ ਚੀਸ
ਹਾਰ ਕੇ ਫਿਰ ਦੁਸ਼ਮਣਾਂ ਨੇ ਕੀਤੀਆਂ ਰੂਹਦਾਰੀਆਂ

ਤੂੰ ਵੀ ਤਾਂ ਮਿਲਿਆ ਨਹੀਂ ਖ਼ੁਦ ਤੋਂ ਵੀ ਹੋ ਚੁੱਕੇ ਹਾਂ ਦੂਰ
ਇਸ਼ਕ ਵਿਚ ਐਵੇਂ ਗੁਆ ਲਈਆਂ ਅਸੀਂ ਖ਼ੁਦਦਾਰੀਆਂ

ਛੱਡ ਗਿਆ ਸੀ ਆਪ ਤਾਂ ਪਤਝੜ ਹੀ ਮੇਰੇ ਵਾਸਤੇ
ਆ ਕੇ ਕਿਉਂ ਮੰਗਦੈ ਬਹਾਰਾਂ 'ਚੋਂ ਵੀ ਹਿੱਸੇਦਾਰੀਆਂ

ਕਾਸ਼ ਮੈਂ ਪਹਿਚਾਣ ਲੈਂਦਾ ਖ਼ੁਦ ਨੂੰ ਅਪਣੇ ਅੰਦਰੋਂ
ਉਮਰ ਭਰ ਕਰਦਾ ਰਿਹਾ ਮਿੱਟੀ 'ਤੇ ਦਾਅਵੇਦਾਰੀਆਂ

ਜਿਸ ਰੁੱਖ ਦੀ ਛਾਂ 'ਚ ਸੁੱਤਾ, ਉਸ ਨੇ ਤਾਂ ਕੁਝ ਨਾ ਕਿਹਾ
ਧੁੱਪ ਨੇ ਫਿਰ ਕਿਉਂ ਮੇਰੇ ਪਿੰਡੇ 'ਤੇ ਛਮਕਾਂ ਮਾਰੀਆਂ

ਕਾਲੀ ਰਾਤ ਨੇ ਮੇਰੇ ਜ਼ਿਹਨ 'ਚ ਹੁਣ ਵੀ ਲਾਇਆ ਡੇਰਾ ਕਿਉਂ
ਮਨ ਦੇ ਵਿਚ ਹਜ਼ਾਰਾਂ ਸੂਰਜ ਫਿਰ ਇਹ ਘੁੱਪ ਹਨੇਰਾ ਕਿਉਂ

ਇਹ ਉਸ ਦੀ ਮਜਬੂਰੀ ਸੀ, ਅਣਗਹਿਲੀ ਸੀ ਜਾਂ ਆਕੜ ਸੀ
ਮੇਰੇ ਅੰਦਰ ਰਹਿ ਕੇ ਵੀ ਉਹ ਹੋ ਸਕਿਆ ਨਾ ਮੇਰਾ ਕਿਉਂ

ਸੱਜਣ-ਬੇਲੀ ਵੀ ਚੰਗੇ ਸਨ ਮੈਂ ਵੀ ਕਿਹੜਾ ਮਾੜਾ ਸੀ
ਫਿਰ ਮੈਥੋਂ ਬੇਗਾਨਗੀਆਂ ਦਾ ਟੁੱਟ ਨਾ ਸਕਿਆ ਘੇਰਾ ਕਿਉਂ

ਆਖ਼ਰ ਸੁੱਕੇ ਪੱਤੇ ਨੇ ਤਾਂ ਇਕ ਦਿਨ ਟੁੱਟ ਹੀ ਜਾਣਾ ਸੀ
ਕਿਉਂ ਪੌਣਾਂ ਨੇ ਹੰਝ ਵਹਾਏ, ਰੋਇਆ ਚਾਰ-ਚੁਫੇਰਾ ਕਿਉਂ

ਉਸ ਘਰ ਵਿੱਚੋਂ ਚਿੜੀਆਂ ਨੂੰ ਤਾਂ ਚੋਗ ਕਦੇ ਵੀ ਲੱਭੀ ਨਾ
ਫਿਰ ਉਸ ਘਰ ਦੀ ਚੌਖਟ ਉੱਤੇ ਜੋਗੀ ਪਾਵਣ ਫੇਰਾ ਕਿਉਂ

ਵਕਤ ਸੀ ਮੈਨੂੰ ਨੋਚ ਰਿਹਾ ਤਾਂ ਮੈਂ ਸੀ ਏਹੀ ਸੋਚ ਰਿਹਾ
ਰੀਝਾਂ ਦੇ ਇਸ ਜੰਗਲ਼ ਅੰਦਰ ਕੀਤਾ ਰੈਣ ਬਸੇਰਾ ਕਿਉਂ

ਪਤਝੜ ਦਾ ਹੈ ਮੌਸਮ ਫਿਰ ਵੀ ਮਹਿਕ ਰਹੀ ਹੈ ਮੌਲਸਰੀ
ਉਸ ਦੇ ਹਰ ਪੱਤੇ 'ਚੋਂ ਮੈਨੂੰ ਚਿਹਰਾ ਦਿਸਦਾ ਤੇਰਾ ਕਿਉਂ

ਇਕ ਤਾਂ ਪਹਿਲਾਂ ਸਾਹਮਣੇ ਮਾਹੌਲ ਫਿੱਕੇ ਰੰਗ ਦਾ
ਉੱਤੋਂ ਮਾੜੇ ਵਕਤ ਨੇ ਐਲਾਨ ਕੀਤਾ ਜੰਗ ਦਾ

ਜ਼ਖ਼ਮ ਉਹ ਇਕ ਹੋਰ ਮੇਰੀ ਰੂਹ ਦੇ ਉੱਤੇ ਲਾ ਗਿਆ
ਪੈਰ ਵਿਚ ਜੋ ਖੁੱਭਿਆ ਟੁਕੜਾ ਸੀ ਉਸ ਦੀ ਵੰਗ ਦਾ

ਕੌਣ ਇਹ ਪਰਛਾਵਿਆਂ ਦੇ ਵਾਂਗ ਤੁਰਦਾ ਨਾਲ਼ ਨਾਲ਼
ਕੌਣ ਹੈ ਜੋ ਰੋਜ਼ ਮੇਰੀ ਜਾਨ ਸੂਲ਼ੀ ਟੰਗਦਾ

ਬੇਵਜਾਹ ਭਾਉਣਾ ਤੇ ਟੁੱਟ ਜਾਣਾ ਵੀ ਕਾਹਦੀ ਜ਼ਿੰਦਗੀ
ਐਵੇਂ ਲਾਲਚ ਕਰ ਗਿਆ ਮੈਂ ਤਾਰਿਆਂ ਦੇ ਸੰਗ ਦਾ

ਕਿਉਂ ਕੋਈ ਬਣ ਕੇ ਸੁਆਲੀ ਰੋਜ਼ ਆਉਂਦਾ ਖ਼ਾਬ ਵਿਚ
ਕਿਉਂ ਕੋਈ ਮੈਥੋਂ ਹੀ ਮੇਰੇ ਸਾਹ ਉਧਾਰੇ ਮੰਗਦਾ

ਮੇਲ੍ਹਦਾ ਰਹਿੰਦਾ ਹੈ ਜੋ ਬੇਗਾਨਿਆਂ ਦੀ ਬੀਨ ’ਤੇ
ਜੋਗੀਆ ਕਿਉਂ ਨਾਗ ਤੇਰਾ ਆਪਣਿਆਂ ਨੂੰ ਡੰਗਦਾ

ਸੂਖ਼ਮ ਕਲਾ ਦਾ ਏਨਾ ਤਾਂ ਮਾਣ ਰੱਖਿਆ ਕਰ
ਫੁੱਲਾਂ ਤੇ ਤਿਤਲੀਆਂ ਦੀ ਪੀੜਾ ਵੀ ਚਿਤਰਿਆ ਕਰ

ਚੱਲ ਰੂਹ 'ਚ ਉੱਤਰਨਾ ਤਾਂ ਆਉਂਦਾ ਨਹੀਂ ਹੈ ਤੈਨੂੰ
ਪਰ ਖਾਹਮਖਾਹ ਕਿਸੇ ਦੇ ਦਿਲ ਵਿਚ ਨਾ ਰੜਕਿਆ ਕਰ

ਹੱਥ ਲਾਉਣ ਨਾਲ਼ ਇਸ ਦਾ ਪਾਣੀ ਗੰਧਾਲ਼ ਹੁੰਦਾ
ਨਿਰਮਲ ਨਦੀ 'ਚੋਂ ਨੈਣਾਂ ਦੇ ਨਾਲ਼ ਪੀ ਲਿਆ ਕਰ

ਅਕਸਰ ਹੀ ਛੱਡ ਜਾਨੈਂ ਸ਼ਬਦਾਂ ਨੂੰ ਬੇਸਹਾਰਾ
ਕਵਿਤਾ ਤੋਂ ਦੂਰ ਜਾ ਕੇ ਵਾਪਸ ਵੀ ਪਰਤਿਆ ਕਰ

ਅੰਬਰ ਦੇ ਵਾਂਗ ਧਰਤੀ 'ਤੇ ਟਿਮਟਿਮਾਉਣ ਤਾਰੇ
ਖੇਡਣ ਜੋ ਬਾਲ ਪਿਆਰੇ ਗਹੁ ਨਾਲ਼ ਤੱਕਿਆ ਕਰ

ਹੁਣ ਤਾਂ ਰਹਾਂਗੇ ਇਉਂ ਹੀ ਇਕ ਦੂਸਰੇ ਦੇ ਨੇੜੇ
ਮੇਰਾ ਵਿਯੋਗ ਆਪਣੀ ਕਵਿਤਾ 'ਚ ਲਿਖ ਲਿਆ ਕਰ

ਸਾਡੇ ਲਈ ਤਾਂ ਤੂੰਹੀਓਂ ਰੱਬ ਹੋ ਗਿਆ ਹੈਂ ਐਪਰ
ਸਾਨੂੰ ਵੀ ਬੰਦਿਆਂ ਦੀ ਗਿਣਤੀ 'ਚ ਰੱਖਿਆ ਕਰ

ਜਿਹਨੂੰ ਸਿਰਜਣ ਲਈ ਹੋਣਾ ਪਿਆ ਸੀ ਦਰ-ਬਦਰ ਮੈਨੂੰ
ਗ਼ਜ਼ਲ ਓਹੀ ਨਹੀਂ ਤਸਲੀਮ ਕਰਦੀ ਸੁਖ਼ਨਵਰ ਮੈਨੂੰ

ਗਿਲੇ ਸ਼ਿਕਵੇ ਉਲਾਂਭੇ, ਰੋਸਿਆਂ ਦੇ ਸ਼ਬਦ ਚੁਣ-ਚੁਣ ਕੇ
ਉਹਨੇ ਖ਼ਤ ਵਿਚ ਲਿਖੀ ਹੈ ਪਿਆਰ ਦੀ ਇਕ ਇਕ ਸਤਰ ਮੈਨੂੰ

ਬਿਨਾ ਜਾਣੇ ਬਿਨਾ ਦੇਖੇ ਮੈਂ ਉਸ ਦਾ ਹਾਲ ਬੁੱਝ ਲੈਨਾਂ
ਤੇ ਅਪਣੇ ਹਾਲ ਦੀ ਲੋਕਾਂ ਤੋਂ ਮਿਲ਼ਦੀ ਹੈ ਖ਼ਬਰ ਮੈਨੂੰ

ਮੇਰੀ ਤਸਵੀਰ ਦਾ ਮੁੱਲ ਜੇ ਪਵਾਉਣਾ, ਐ ਮੁਸੱਵਰ ਤੂੰ
ਤਾਂ ਮੇਰੀ ਰੂਹ ਨੂੰ ਜੋ ਭਾਉਂਦੇ ਉਨ੍ਹਾਂ ਰੰਗਾਂ 'ਚ ਭਰ ਮੈਨੂੰ

ਜਦੋਂ ਵੀ ਖ਼ਾਬ ਟੁੱਟਦੈ ਮੈਂ ਵੀ ਉਸ ਦੇ ਨਾਲ਼ ਟੁੱਟ ਜਾਨਾਂ
ਤੇ ਅਪਣੀ ਏਸ ਆਦਤ ਤੋਂ ਬੜਾ ਲਗਦਾ ਹੈ ਡਰ ਮੈਨੂੰ

ਮੈਂ ਆਪਣਾ ਆਪ ਛੱਡ ਕੇ ਤੁਰ ਪਿਆ ਸੀ ਚਾਨਣੀ ਪਿੱਛੇ
ਮੇਰੇ ਤੱਕ ਫੇਰ ਲੈ ਆਇਆ ਹਨੇਰੇ ਦਾ ਸਫ਼ਰ ਮੈਨੂੰ

ਭੁਲੇਖੇ ਨਾਲ ਜਾਂ ਤਾਂ ਮੈਂ ਹੀ ਕਿਧਰੇ ਹੋਰ ਆ ਵੜਿਆਂ
ਤੇ ਜਾਂ ਪਹਿਚਾਨਣੋਂ ਮੁੱਕਰ ਗਿਐ ਮੇਰਾ ਨਗਰ ਮੈਨੂੰ

ਜੰਗਲ਼ ਦੀਆਂ ਹੂਕਾਂ ਨੂੰ ਵੀ ਲਿਖਿਆ ਕਰੇ ਗਾਇਆ ਕਰੇ
ਸ਼ਾਇਰ ਨੂੰ ਆਖੋ ਉਂਞ ਹੀ ਨਾ ਕੋਰੇ ਸਫ਼ੇ ਜ਼ਾਇਆ ਕਰੇ

ਪਿਉ-ਦਾਦਿਆਂ ਦੇ ਮਾਣ ਦਾ ਸੌਦਾ ਵੀ ਕਰ ਲੈਂਦਾ ਹੈ ਨਾਲ਼
ਉਸ ਨੂੰ ਕਹੋ ਏਨਾ ਵੀ ਸਸਤਾ ਤਾਂ ਨਾ ਵਿਕ ਜਾਇਆ ਕਰੇ

ਨਾਟਕ ਜਿਹਾ ਲਗਦਾ ਹੈ ਸਹੁਰੇ ਘਰ ’ਚ ਉਸ ਦਾ ਹੱਸਣਾ
ਜੇਕਰ ਉਹ ਸੱਚੀਂ ਖ਼ੁਸ਼ ਹੈ ਤਾਂ ਝਾਂਜਰ ਵੀ ਛਣਕਾਇਆ ਕਰੇ

ਸੌ ਗ਼ਲਤੀਆਂ ਵੀ ਮਾਫ਼ ਕਰ ਸਕਦੇ ਹਾਂ, ਉਸ ਨੂੰ ਕਹਿ ਦਿਓ
ਬਸ ਪੁਰਖਿਆਂ ਦੀ ਕੀਰਤੀ ਨੂੰ ਲੀਕ ਨਾ ਲਾਇਆ ਕਰੇ

ਅੰਦਰਲੀ ਚੁੱਪ ਨੇ ਫੇਰ ਕੀਤੀ ਹੈ ਸ਼ਿਕਾਇਤ ਏਸ ਦੀ
ਮੈਂ ਜੀਭ ਨੂੰ ਕਿੱਦਾਂ ਕਹਾਂ ਕਿ ਸ਼ੋਰ ਨਾ ਪਾਇਆ ਕਰੇ

ਕਿਹੜਾ ਹੈ ਇਸ ਨੂੰ ਵਰਜਦਾ ਪਾਣੀ ਦੇ ਸੋਹਿਲੇ ਲਿਖਣ ਤੋਂ
ਇਹ ਕੌਣ ਕਹਿੰਦੈ ‘ਰਾਜ’ ਅੱਗ ਦੇ ਗੀਤ ਹੀ ਗਾਇਆ ਕਰੇ

ਤਲ਼ੀਆਂ ਉੱਤੇ ਸੂਰਜ ਧਰ ਕੇ ਅੰਬਰ ਗਾਹਵੇ ਕੌਣ
ਸ਼ਬਦਾਂ ਦੇ ਦਰਵਾਜ਼ੇ ਉੱਤੇ ਅਲਖ ਜਗਾਵੇ ਕੌਣ

ਜਿਸ ਦੇ ਕੋਲ਼ੋਂ ਭਾਲ਼ ਰਹੇ ਹੋ ਰੌਸ਼ਨੀਆਂ ਦਾ ਪੂਰ
ਗਰਦਿਸ਼ ਵਿਚਲੇ ਉਸ ਤਾਰੇ ਦਾ ਦਰਦ ਵੰਡਾਵੇ ਕੌਣ

ਧਰਤੀ ਹੇਠਾਂ ਧੌਲ਼ ਖੜੋਤਾ ਸੋਚੇ ਬਾਰੰਬਾਰ
ਕੂੜ ਦਾ ਭਰਿਆ ਭਾਰਾ ਪੱਥਰ ਸਿਰ ਤੋਂ ਲਾਹਵੇ ਕੌਣ

ਜ਼ਿਹਨ ਦੀਆਂ ਪਰਤਾਂ 'ਚੋਂ ਆਉਂਦਾ ਕੋਸਾ-ਕੋਸਾ ਸੇਕ
ਗਹਿਰੇ ਏਸ ਸਮੁੰਦਰ ਵਿਚਲੀ ਅਗਨ ਬੁਝਾਵੇ ਕੌਣ

ਰਿਸ਼ਤਾ ਹੁਣ ਤਕ ਸਹਿੰਦਾ ਆਇਆ ਇੱਕ ਅਨੋਖੀ ਪੀੜ
ਹਉਮੈ ਦੀ ਜੋ ਛਿਲਤਰ ਚੁੱਭੀ ਕੱਢ ਦਿਖਾਵੇ ਕੌਣ

ਚਿਹਰੇ ਉੱਤੋਂ ਧੋ ਦਿੰਦੇ ਨੇ ਉਦਰੇਵੇਂ ਦੀ ਧੂੜ
ਆਪ-ਮੁਹਾਰੇ ਅੱਥਰੂਆਂ ਦਾ ਕਰਜ਼ ਚੁਕਾਵੇ ਕੌਣ

ਅੱਧੀ ਰਾਤੀਂ ਖ਼ਾਬ 'ਚ ਏਹੀ ਘੁੰਮਦਾ ਰੋਜ਼ ਸਵਾਲ
ਇਸ ਦੁਨੀਆ ਵਿਚ ਮੈਨੂੰ ਮੇਰੇ ਨਾਲ ਮਿਲਾਵੇ ਕੌਣ

ਅਜੇ ਤਾਂ ਰਾਤ ਨੇ ਸਿਰ 'ਤੇ ਲਈ ਚੁੰਨੀ ਸੀ ਚਾਨਣ ਦੀ
ਮੈਂ ਨੀਂਦਰ ਵਿਚ ਸੁਣੀ ਆਵਾਜ਼ ਇਕ ਸੁਪਨੇ ਦੇ ਟੁੱਟਣ ਦੀ

ਉਹ ਐਵੇਂ ਆਸ ਲਾ ਬੈਠਾ ਕਿਸੇ ਬੱਦਲ਼ੀ ਦੇ ਬਰਸਣ ਦੀ
ਕਿ ਮਿੱਟੀ ਹੇਠਲੇ ਬੀਅ ਨੇ ਲੰਘਾ ਲਈ ਰੁੱਤ ਹੀ ਉਗਮਣ ਦੀ

ਉਹ ਕੰਢੇ ਤੋੜ ਕੇ ਲੱਭਦੀ ਹੈ ਕਿਸ ਨੂੰ ਬਸਤੀਆਂ ਅੰਦਰ
ਨਦੀ ਦੀ ਤਾਂਘ ਮਰ ਚੁੱਕੀ ਸਮੁੰਦਰ ਤੀਕ ਪਹੁੰਚਣ ਦੀ

ਉਹ ਮੇਰੀ ਜ਼ਿੰਦਗੀ ਅੰਦਰ ਕੁਵੇਲੇ ਭਰ ਗਿਆ ਨ੍ਹੇਰਾ
ਪਤਾ ਨਹੀਂ ਕਾਹਲ਼ ਕਾਹਦੀ ਪੈ ਗਈ ਸੂਰਜ ਨੂੰ ਅਸਤਣ ਦੀ

ਇਹ ਝਾਂਜਰ ਖ਼ੂਬ ਛਣਕੀ ਹੈ ਬਿਗਾਨੇ ਕਮਰਿਆਂ ਅੰਦਰ
ਤਮੰਨਾ ਰਹਿ ਗਈ ਇਸ ਦੀ ਤੇਰੇ ਵਿਹੜੇ 'ਚ ਛਣਕਣ ਦੀ

ਕਣਾਂ ਤੋਂ ਹੀ ਬਣੀ ਕਾਇਨਾਤ, ਇਸ ਕਾਇਨਾਤ ਦੇ ਅੰਦਰ
ਕੋਈ ਐਸਾ ਵੀ ਕਣ ਹੈ ਜੋ ਖ਼ਬਰ ਰੱਖਦਾ ਹੈ ਕਣ-ਕਣ ਦੀ

ਮੈਂ ਸੁੱਚੇ ਸ਼ੀਸ਼ਿਆਂ ਦਾ ਹੁਣ ਮੁਹਾਫ਼ਿਜ਼ ਕਿਸ ਤਰ੍ਹਾਂ ਹੋਵਾਂ
ਕਿ ਮੈਨੂੰ ਸ਼ੀਸ਼ਿਆਂ ਤੋਂ ਹੀ ਪਈ ਆਦਤ ਹੈ ਤਿੜਕਣ ਦੀ

■

ਬੇਲਗ਼ਾਮੇ  ਬੇਯਕੀਨੇ ਮਨ ਦੇ ਪਿੱਛੇ ਤੁਰ ਪਿਆ
ਕਮਲਿਆ ਜਾਣਾ ਸੀ ਕਿੱਥੇ ਪਰ ਤੂੰ ਕਿੱਥੇ ਤੁਰ ਪਿਆ

ਪੁਰਖਿਆਂ ਦੇ ਬੇਪਤੀ ਦਾ ਲੈਣ ਆਇਆ ਇੰਤਕਾਮ
ਮੁੜ ਕੇ ਉਹ ਦੁਸ਼ਮਣ ਤੋਂ ਲੈ ਕੇ ਚਾਰ ਸਿੱਕੇ ਤੁਰ ਪਿਆ

ਉਸ ਦੇ ਮੋਢੇ 'ਤੇ ਸੀ ਭਾਵੇਂ ਲਟਕਦੀ ਟੁੱਟੀ ਕਮਾਨ
ਫਿਰ ਵੀ ਉਹ ਭੱਥੇ 'ਚ ਭਰ ਕੇ ਤੀਰ ਤਿੱਖੇ ਤੁਰ ਪਿਆ

ਨੈਣ ਸਿੱਲ੍ਹੇ ਹੋ ਗਏ ਆਵਾਜ਼ ਕੰਬਣ ਲੱਗ ਪਈ
ਅੰਤ ਉਹ ਅਪਣੀ ਕਹਾਣੀ ਛੱਡ ਕੇ ਵਿੱਚੇ ਤੁਰ ਪਿਆ

ਉਮਰ ਭਰ ਜਿੰਨ੍ਹਾਂ 'ਚ ਉਸ ਨੇ ਲਿਸ਼ਕਦੇ  ਸ਼ਸਤਰ ਫੜੇ
ਕਿਉਂ ਉਨ੍ਹਾਂ  ਹੱਥਾਂ 'ਚ ਪਰਚਮ ਲੈ ਕੇ ਚਿੱਟੇ ਤੁਰ ਪਿਆ

ਤੁਰ ਪਿਆ ਸੰਸਾਰ ਵੀ ਸਾਰਾ ਹੀ ਜਿਸ ਦੇ ਨਾਲ਼ ਨਾਲ਼
ਕੌਣ ਇਹ ਮਾਯੂਸੀਆਂ ਨੂੰ ਟੰਗ ਕੇ ਛਿੱਕੇ ਤੁਰ ਪਿਆ

ਅਜੇ ਤਕ ਇਸ ਦੀਆਂ ਔੜਾਂ ਦਾ ਕੋਈ ਹੱਲ ਨਹੀਂ ਹੋਇਆ
ਇਹ ਮਨ ਹੰਝੂਆਂ ਦੀ ਬਾਰਸ਼ ਨਾਲ ਵੀ ਸੇਜਲ ਨਹੀਂ ਹੋਇਆ

ਕਦੇ ਮੈਂ ਲੰਘਿਆ ਅੱਗੇ, ਕਦੇ ਮੈਂ ਰਹਿ ਗਿਆ ਪਿੱਛੇ
ਅਜੇ ਤਕ ਆਪਣੇ ਹੀ ਨਾਲ਼ ਮੈਥੋਂ ਰਲ਼ ਨਹੀਂ ਹੋਇਆ

ਇਕੱਲਾ ਤੇਲ ਹੀ ਬਲ਼ਦਾ ਰਿਹਾ ਸੀ ਦੀਵਿਆਂ ਅੰਦਰ
ਕਿ ਲਾਇਆ ਜ਼ੋਰ ਬੱਤੀਆਂ ਨੇ ਉਨ੍ਹਾਂ ਤੋਂ ਬਲ਼ ਨਹੀਂ ਹੋਇਆ

ਉਹ ਅੱਲੜ੍ਹ ਉਮਰ ਦੀ ਕਿਣ-ਮਿਣ ਅਜੇ ਤਕ ਯਾਦ ਹੈ ਮੈਨੂੰ
ਮੇਰੇ ਅਸਮਾਨ 'ਤੇ ਮੁੜ ਕੇ ਕਦੇ ਬੱਦਲ਼ ਨਹੀਂ ਹੋਇਆ

ਉਨ੍ਹਾਂ ਦੇ ਹੱਕ 'ਚ ਅਣਲਿਖੀਆਂ ਕਿਤਾਬਾਂ ਵੀ ਭੁਗਤ ਗਈਆਂ
ਮੇਰਾ ਲਿਖਿਆ ਤਾਂ ਇਕ ਅੱਖਰ ਵੀ ਮੇਰੇ ਵੱਲ ਨਹੀਂ ਹੋਇਆ

ਚਲੋ ਚੰਗਾ ਹੈ ਜਿਹੜਾ ਲਾਉਣ ਤੋਂ ਪਹਿਲਾਂ ਹੀ ਟੁੱਟ ਗਈਆਂ
ਮੇਰੀ ਖ਼ੁਸ਼ਕਿਸਮਤੀ ਜੋ ਇਸ਼ਕ ਵਿਚ ਖ਼ੱਜਲ਼ ਨਹੀਂ ਹੋਇਆ

ਮੁੜ ਮੁੜ ਫਰੋਲ਼ਦਾ ਹਾਂ, ਹਰ ਪਰਤ ਜ਼ਿੰਦਗੀ ਦੀ
ਕਿਤਿਓਂ ਤਾਂ ਪੈੜ ਨਿਕਲ਼ੇ ਉਸ ਗੁੰਮਸ਼ੁਦਾ ਖ਼ੁਸ਼ੀ ਦੀ

ਹਰ ਸਾਜ਼ ਦੇ ਰਿਹਾ ਹੈ ਇਕ ਬੇਸੁਰੀ ਅਲਾਹੁਣੀ
ਮੋਈਆਂ ਸੁਰਾਂ 'ਚ ਲਿਪਟੀ ਹੈ ਲਾਸ਼ ਬੰਸਰੀ ਦੀ

ਉਸ ਨੇ ਕਬੂਲਿਆ ਨਹੀਂ ਸ਼ਬਦੀ ਲਿਬਾਸ ਪਾਉਣਾ
ਸਫ਼ਿਆਂ 'ਤੇ ਜਾ ਕੇ ਮੁੱਕਰੀ ਸੀ ਕਲਪਨਾ ਕਵੀ ਦੀ

ਇਹ ਬਿਰਖ ਤੇ ਪਰਿੰਦੇ ਸਹਿਮੇ ਪਏ ਨੇ ਸਾਰੇ
ਕਿਸ ਨੇ ਖ਼ਬਰ ਫੈਲਾਈ ਜੰਗਲ਼ 'ਚ ਅੱਗਜ਼ਨੀ ਦੀ

ਸਭ ਨੂੰ ਕੁਰਾਹੇ ਪਾ ਕੇ ਲੈ ਚੱਲਿਆ ਹੈ ਕਿੱਧਰ
ਇਹ ਕੌਣ ਕਰ ਰਿਹਾ ਹੈ ਹੁਣ ਮਸ਼ਕ ਰਾਹਬਰੀ ਦੀ

ਦੀਵੇ ਹਨੇਰਿਆਂ ਦੀ ਮਹਿਫ਼ਲ 'ਚ ਜਾ ਕੇ ਨੱਚੇ
ਕਿੰਨੀ ਤੌਹੀਨ ਹੋਈ ਉਸ ਰਾਤ ਰੌਸ਼ਨੀ ਦੀ

■

ਰੰਗ ਹੀਣੇ ਮੌਸਮਾਂ ਨੂੰ ਰੰਗੇ ਹੁਣ ਕਿਹੜਾ ਲਲਾਰੀ
ਚਿੱਟੀਆਂ ਚੁੰਨੀਆਂ ਨੂੰ ਲੱਗੇ ਕਿਸ ਤਰਾਂ ਗੋਟਾ ਕਿਨਾਰੀ

ਵਕਤ ਦੇ ਰੰਗਮੰਚ 'ਤੇ ਸਾਰੇ ਹੀ ਕਰਦੇ ਪੇਸ਼ਕਾਰੀ
ਪਰ ਕਿਸੇ ਵਿਰਲੇ ਤੋਂ ਹੀ ਕਿਰਦਾਰ ਨਿਭਦਾ ਯਾਦਗਾਰੀ

ਪਰਬਤਾਂ ਨੂੰ ਚੀਰਿਆ ਸੀ ਜਿਸ ਨਦੀ ਨੇ ਬਹੁਤ ਵਾਰੀ
ਤਪਦੇ ਮਾਰੂਥਲ ਨੇ ਉਸ ਨੂੰ ਪੀ ਲਿਆ ਸਾਰੀ ਦੀ ਸਾਰੀ

ਇਸ ਬਜ਼ਮ ਦੀ ਹਰ ਸ਼ਮ੍ਹਾ ਹੀ ਜਿਸ ਪਤੰਗੇ ਨੂੰ ਉਡੀਕੇ
ਉਹ ਬੁਝੇ ਦੀਵੇ ਦੀ ਬੱਤੀ ਨਾਲ਼ ਲਾ ਬੈਠਾ ਹੈ ਯਾਰੀ

ਆਲ੍ਹਣੇ ਵਿਚ ਮੁੜਨ ਦਾ ਦੇ ਕੇ ਦਿਲਾਸਾ ਆਪਣਿਆਂ ਨੂੰ
ਅਲਵਿਦਾ ਕਹਿ ਕੇ ਪਰਿੰਦਾ ਭਰ ਗਿਆ ਅੰਤਮ ਉਡਾਰੀ

ਖ਼ੁਦ ਨੂੰ ਕੀਤਾ ਦਾਨ ਉਸ ਨੇ ਆਪ ਹੀ ਦਿੱਤਾ ਹੈ ਕਾਸਾ
ਕਿੰਞ ਲਾਹੋਗੇ ਫ਼ਕੀਰੋ ਉਸ ਬਸ਼ਰ ਦੀ ਦੇਣਦਾਰੀ

■

ਮੇਰੀ ਅਣਹੋਂਦ ਵਿਚ ਹੁਣ ਕੀ ਨਹੀਂ ਕਰਨਾ ਪਿਆ ਤੈਨੂੰ
ਮੇਰੇ ਹਿੱਸੇ ਦਾ ਹਰ ਖ਼ਾਲੀ ਸਫ਼ਾ ਭਰਨਾ ਪਿਆ ਤੈਨੂੰ

ਮੈਂ ਦੀਵੇ ਨੇ ਤਾਂ ਜਗਣਾ ਸੀ ਪਤੰਗਾ ਬਣ ਕੇ ਨਾ ਆਉਂਦੋਂ
ਮੇਰੀ ਪਰਕਰਮਾ ਕਰਦੇ ਹੀ ਲੈ ਹੁਣ ਮਰਨਾ ਪਿਆ ਤੈਨੂੰ

ਕੋਈ ਰੂਹਾਂ ਦਾ ਕਰਜ਼ਾ ਹੈ ਜਾਂ ਫਿਰ ਇਹ ਹੈ ਸਜ਼ਾ ਕੋਈ
ਮੇਰੇ ਜ਼ਖ਼ਮਾਂ 'ਚੋਂ ਉੱਠਦਾ ਦਰਦ ਕਿਉਂ ਜਰਨਾ ਪਿਆ ਤੈਨੂੰ

ਮੈਂ ਤੈਨੂੰ ਵਰਜਿਆ ਕਿੰਨਾ ਕਿ ਨੱਪੀਂ ਪੈੜ ਨਾ ਮੇਰੀ
ਲੈ ਹੁਣ ਅੰਗਿਆਰਿਆਂ 'ਤੇ ਪੈਰ ਹੈ ਧਰਨਾ ਪਿਆ ਤੈਨੂੰ

ਮਲਾਹ ਨੂੰ ਤਾਂ ਮੁਸਾਫ਼ਰ ਮਿਲ ਗਏ ਆਪਣੀ ਹੀ ਮਰਜ਼ੀ ਦੇ
ਤੇਰੀ ਤਕਦੀਰ ਸੀ ਖੋਟੀ ਕਿ ਫਿਰ ਤਰਨਾ ਪਿਆ ਤੈਨੂੰ

ਤੇਰੇ ਬੇਖ਼ੌਫ ਹੋ ਕੇ ਰਹਿਣ ਦੇ ਦਾਅਵੇ ਦਾ ਕੀ ਬਣਿਆ
ਮੇਰੀ ਇਕ ਆਹ ਵੀ ਨਿਕਲਣ 'ਤੇ ਸਦਾ ਡਰਨਾ ਪਿਆ ਤੈਨੂੰ

ਛੁਹਾਇਆ ਪੈਰ ਹੀ ਸੀ ਉਸ ਨੇ ਹਾਲੇ ਨਾਲ ਪੱਥਰ ਦੇ
ਕਿ ਟੁੱਟ ਕੇ ਅਹੁ ਗਏ ਸਾਰੇ ਦੇ ਸਾਰੇ ਬੋਰ ਝਾਂਜਰ ਦੇ

ਜਦੋਂ ਕੰਢੇ 'ਤੇ ਸਿੱਪੀਆਂ ਸੁੱਟ ਕੇ ਸੀ ਮੁੜ ਗਿਆ ਵਾਪਸ
ਕਈ ਮੋਤੀ ਮੁਖ਼ਾਲਫ਼ ਹੋ ਗਏ ਆਪਣੇ ਹੀ ਸਾਗਰ ਦੇ

ਉਹ ਜਿਸ ਦੇ ਪਾਸ ਹੁੰਦੇ ਨੇ ਉਹਦੇ ਹੀ ਖ਼ਾਸ ਹੁੰਦੇ ਨੇ
ਜੇ ਏਧਰ ਨੇ ਤਾਂ ਏਧਰ ਦੇ ਜੇ ਓਧਰ ਨੇ ਤਾਂ ਓਧਰ ਦੇ

ਬੜੀ ਹੈਰਾਨਗੀ ਦੇ ਨਾਲ਼ ਸ਼ਾਹੀ ਬਾਜ ਤੱਕਦੇ ਨੇ
ਕਬੂਤਰ ਕਿਸ ਤਰਾਂ ਗੇੜੇ ਲਗਾ ਆਇਆ ਹੈ ਅੰਬਰ ਦੇ

ਕਦੇ ਇਸ ਰਾਜ ਨੀਤੀ ਨੇ ਪਤਾ ਲੱਗਣ ਹੀ ਨਾ ਦਿੱਤਾ
ਕਿ ਅੱਧਾ ਦਿਲ ਅਸਾਡਾ ਧੜਕਦਾ ਹੈ ਪਾਰ ਬਾਡਰ ਦੇ